ੴ ਵਾਹਿਗੁਰੂ ਜੀ ਕੀ ਫ਼ਤਹ॥

# ਧਰਮ ਅਤੇ ਰਾਜਨੀਤੀ

ਲੇਖਕ :
ਪ੍ਰੋ: ਕਿਰਪਾਲ ਸਿੰਘ ਬਡੂੰਗਰ
ਸਾਬਕਾ ਪ੍ਰਧਾਨ, ਸ਼੍ਰੋਮਣੀ ਗੁ: ਪ੍ਰ: ਕਮੇਟੀ।

ਪ੍ਰਕਾਸ਼ਕ :
ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁ: ਪ੍ਰ: ਕਮੇਟੀ),
ਸ੍ਰੀ ਅੰਮ੍ਰਿਤਸਰ।
ਭੇਟਾ ਰਹਿਤ

# ਧਰਮ ਅਤੇ ਰਾਜਨੀਤੀ

ਮਨੁੱਖੀ ਇਤਿਹਾਸ ਵਿਚ ਧਰਮ ਅਤੇ ਰਾਜਨੀਤੀ ਦੋਵਾਂ ਪ੍ਰਣਾਲੀਆਂ ਦਾ ਵਿਸ਼ੇਸ਼ ਮਹੱਤਵ ਰਿਹਾ ਹੈ। ਧਰਮ ਮਨੁੱਖੀ ਭਾਵਨਾਵਾਂ 'ਤੇ ਅਧਾਰਿਤ ਹੁੰਦਾ ਹੈ। ਰਾਜਨੀਤੀ ਵਿਚ ਮਨੁੱਖੀ ਸੋਚ ਕੰਮ ਕਰਦੀ ਹੈ। ਧਰਮ ਮਨੁੱਖ ਦੇ ਆਚਾਰ, ਵਿਚਾਰ ਅਤੇ ਅਹਾਰ ਨੂੰ ਸ਼ੁੱਧ ਕਰ ਕੇ ਉਸ ਦਾ ਆਤਮਕ ਵਿਕਾਸ ਕਰਦਾ ਹੈ। ਇਸ ਤਰ੍ਹਾਂ ਧਰਮ ਨੇ ਮਨੁੱਖ ਨੂੰ ਮਨੁੱਖ ਬਣਾਉਣ ਵਿਚ ਵੱਡਾ ਯੋਗਦਾਨ ਪਾਇਆ ਹੈ। ਧਰਮ ਮਨੁੱਖ ਦੇ ਸਰਬਪੱਖੀ ਸਦਗੁਣਾਂ ਦਾ ਸਰੋਤ ਹੈ। ਧਰਮ ਮਨੁੱਖ ਦੀ ਰਾਜਨੀਤਕ, ਆਰਥਿਕ ਅਤੇ ਸਮਾਜਿਕ ਜ਼ਿੰਦਗੀ ਨੂੰ ਸਹੀ ਰੂਪ ਵਿਚ ਸੰਚਾਲਿਤ ਕਰਨ ਵਾਲਾ ਰੈਗੂਲੇਟਰੀ ਕੁੰਡਾ ਹੈ। ਰਾਜਨੀਤੀ ਨੇ ਇਸ ਮਨੁੱਖ ਲਈ ਦੇਸ਼ਾਂ ਦੀਆਂ ਹੱਦਬੰਦੀਆਂ ਸਥਾਪਤ ਕੀਤੀਆਂ। ਮਨੁੱਖ ਦੇ ਰਹਿਣ-ਸਹਿਣ ਅਤੇ ਸੁਰੱਖਿਆ ਨੂੰ ਨਿਯਮਿਤ ਕੀਤਾ। ਧਰਮ ਅਤੇ ਰਾਜਨੀਤੀ ਇਕ ਦੂਜੇ ਦੇ ਪੂਰਕ ਹਨ, ਜਿਵੇਂ ਸਰੀਰ ਅਤੇ ਆਤਮਾ। ਸਭਿਅਤਾਵਾਂ ਦੇ ਆਰੰਭ ਵਿਚ ਧਰਮ ਅਤੇ ਰਾਜਨੀਤੀ ਦੋਵੇਂ ਇਕ ਦੂਜੇ ਲਈ ਸਹਾਈ ਹੋਏ ਹਨ। ਧਰਮ ਨੇ ਇਕ ਚੰਗੀ ਸੋਚ ਵਾਲਾ ਮਨੁੱਖ ਘੜਿਆ ਤੇ ਮਨੁੱਖ ਨੂੰ ਧਰਤੀ ਉੱਤੇ ਅਸ਼ਰੁਫ਼-ਉਲ-ਮਖ਼ਲੂਕਾਤ ਦਾ ਦਰਜਾ ਦਿਵਾਇਆ। ਉਸੇ ਉੱਨਤ ਮਨੁੱਖੀ-ਸੋਚ ਨੇ ਇਕ ਚੰਗਾ ਵਾਤਾਵਰਣ ਸਿਰਜ ਕੇ ਮਨੁੱਖ ਨੂੰ ਸੁਰੱਖਿਆ ਤੇ ਸ਼ਾਂਤੀ ਦਾ ਜੀਵਨ ਪ੍ਰਦਾਨ ਕੀਤਾ ਅਤੇ ਕਈ ਪ੍ਰਕਾਰ ਦੇ ਸਭਿਆਚਾਰ ਤੇ ਪਦਾਰਥਕ ਤਰੱਕੀ ਦੇ ਅਵਸਰ ਪ੍ਰਦਾਨ ਕੀਤੇ। ਧਰਮ ਅਤੇ ਰਾਜਨੀਤੀ ਮਨੁੱਖੀ-ਸਭਿਅਤਾ ਦਾ ਅੰਗ ਹੋਣ ਕਰਕੇ ਹਮੇਸ਼ਾ ਸਮਾਜ ਵਿਚ ਚਰਚਾ ਦਾ ਵਿਸ਼ਾ ਬਣੇ ਰਹੇ ਹਨ। ਵੱਖ-ਵੱਖ ਵਿਚਾਰਵਾਨਾਂ ਨੇ ਆਪਣੀ ਸਮਝ ਅਤੇ ਸਮੱਸਿਆ ਅਨੁਸਾਰ ਇਸ ਦਾ ਵਿਖਿਆਨ ਕੀਤਾ ਹੈ।

"ਅਰਸਤੂ ਰਾਜ ਨੂੰ ਪ੍ਰਕਿਰਤੀ ਦੀ ਰਚਨਾ ਮੰਨਦਾ ਹੈ ਅਤੇ ਕਹਿੰਦਾ ਹੈ ਕਿ ਮਨੁੱਖ ਸੁਭਾਵਿਕ ਤੌਰ 'ਤੇ ਇਕ ਰਾਜਨੀਤਕ ਜਾਨਵਰ ਹੈ। ਰਾਜ ਪਰਿਵਾਰ ਅਤੇ ਪਿੰਡਾਂ ਦਾ ਸੰਘ ਹੈ, ਜਿਸ ਦਾ ਉਦੇਸ਼ ਪੂਰਨ ਤੇ ਸੰਪੰਨ ਜੀਵਨ

ਅਰਥਾਤ ਸੁਖੀ ਅਤੇ ਮਾਣ ਵਾਲੇ ਜੀਵਨ ਦੀ ਪ੍ਰਾਪਤੀ ਹੈ। ਜਦੋਂ ਬਹੁਤ ਸਾਰੇ ਪਿੰਡ ਸੰਪੰਨ ਜੀਵਨ ਲਈ ਇਕ ਸਮੁਦਾਇ ਦੇ ਰੂਪ ਵਿਚ ਸੰਗਠਿਤ ਹੁੰਦੇ ਹਨ, ਤਾਂ ਰਾਜ ਹੋਂਦ ਵਿਚ ਆ ਜਾਂਦਾ ਹੈ ਅਤੇ ਚੰਗੇ ਜੀਵਨ ਲਈ ਉਸ ਦੀ ਹੋਂਦ ਲਗਾਤਾਰ ਕਾਇਮ ਰਹਿੰਦੀ ਹੈ।"

*('ਪਾਲਿਟਿਕਸ', ਪੰਨੇ ੫੩-੫੫, ੧੯੪੪)*

ਪੁਰਾਤਨ ਸਮੇਂ ਵਿਚ ਧਰਮ ਤੇ ਰਾਜਨੀਤੀ ਆਪਸ ਵਿਚ ਇੰਨੇ ਘੁਲੇ-ਮਿਲੇ ਸਨ ਕਿ ਇਨ੍ਹਾਂ ਵਿਚ ਅੰਤਰ ਕਰਨਾ ਔਖਾ ਸੀ। ਭਗਵਾਨ ਰਾਮ ਅਤੇ ਕ੍ਰਿਸ਼ਨ ਜੀ ਧਾਰਮਿਕ ਆਗੂ ਵੀ ਸਨ ਤੇ ਰਾਜੇ ਵੀ ਸਨ। ਬੁੱਧ ਧਰਮ ਦਾ ਜਨਮ ਦਾਤਾ ਮਹਾਤਮਾ ਬੁੱਧ ਵੀ ਬਨਵਾਸ ਤੋਂ ਪਹਿਲਾਂ ਇਕ ਰਾਜਾ ਹੀ ਸੀ। ਯਹੂਦੀ ਧਰਮ ਵਿਚ ਇਬਰਾਹੀਮ ਤੇ ਹਜ਼ਰਤ ਮੂਸਾ ਦਾ ਵਿਸ਼ੇਸ਼ ਵਰਣਨ ਆਉਂਦਾ ਹੈ ਜਿਨ੍ਹਾਂ ਦਾ ਜੀਵਨ ਫਿਰਤੂ ਕਬੀਲਿਆਂ (Tribes) ਵਾਂਗ ਘੁੰਮਣਘੇਰੀਆਂ ਵਿਚ ਫਸਿਆ ਰਿਹਾ, ਪਰ ਇਨ੍ਹਾਂ ਨੇ ਜੀਵਨ ਦੇ ਕਿਸੇ ਹਿੱਸੇ ਵਿਚ ਵੀ ਪਰਮਾਤਮਾ ਦਾ ਸਾਥ ਨਹੀਂ ਛੱਡਿਆ। ਪਰਮਾਤਮਾ ਨੂੰ ਵੀ ਸਮੇਂ-ਸਮੇਂ 'ਤੇ ਇਨ੍ਹਾਂ ਦੀ ਸਹਾਇਤਾ ਕਰਦੇ ਦਰਸਾਇਆ ਗਿਆ ਹੈ। ਹਜ਼ਰਤ ਮੂਸਾ ਦੁਆਰਾ ਯਹੂਦੀਆਂ ਨੂੰ ਮਿਸਰ ਦੀ ਗ਼ੁਲਾਮੀ ਤੋਂ ਆਜ਼ਾਦ ਕਰਾਉਣ ਸਮੇਂ ਈਸ਼ਵਰ ਵੱਲੋਂ ਬਖ਼ਸ਼ੀਆਂ ਦਸ ਕਰਾਮਾਤਾਂ ਦਾ ਵਿਸ਼ੇਸ਼ ਯੋਗਦਾਨ ਦਾ ਵੀ ਜ਼ਿਕਰ ਮਿਲਦਾ ਹੈ। ਇਹ ਕਰਾਮਾਤਾਂ ਇਕ ਨੀਤੀ ਵਜੋਂ ਵਰਤੀਆਂ ਗਈਆਂ ਜਿਨ੍ਹਾਂ ਤੋਂ ਘਬਰਾ ਕੇ ਬਾਦਸ਼ਾਹ ਨੇ ਯਹੂਦੀਆਂ ਨੂੰ ਮਿਸਰ ਦੀ ਗ਼ੁਲਾਮੀ ਤੋਂ ਆਜ਼ਾਦ ਕਰ ਦਿੱਤਾ। ਈਸਾਈ ਧਰਮ ਵਿਚ ਯਿਸੂ ਨੂੰ ਪਰਮੇਸ਼ਰ ਦਾ ਰੂਪ ਮੰਨਿਆ ਜਾਂਦਾ ਹੈ ਅਤੇ ਉਸ ਨੂੰ ਪਰਮੇਸ਼ਰ ਦੇ ਪੁੱਤਰ ਵਜੋਂ ਵੀ ਮਾਨਤਾ ਦਿੱਤੀ ਜਾਂਦੀ ਹੈ। ਯਿਸੂ ਨੂੰ ਮੁਕਤੀਦਾਤੇ ਵਜੋਂ ਵੀ ਚਿਤਰਿਆ ਜਾਂਦਾ ਹੈ, ਜੋ ਲੋਕਾਂ ਦੇ ਦੁੱਖ ਆਪਣੇ ਉੱਤੇ ਲੈ ਕੇ ਉਨ੍ਹਾਂ ਨੂੰ ਮੁਕਤੀ ਪ੍ਰਦਾਨ ਕਰਾਉਣ ਦਾ ਜ਼ਾਮਨ ਬਣਦਾ ਹੈ। ਹਜ਼ਰਤ ਈਸਾ ਨੇ ਰੋਮ ਦੇ ਬਾਦਸ਼ਾਹ ਫ਼ਰਾਊਨ ਦੇ ਜਬਰ ਅਤੇ ਸਮਾਜਿਕ ਗਿਰਾਵਟ ਵਿਰੁੱਧ ਸੱਚ-ਧਰਮ ਦੀ ਅਵਾਜ਼ ਉਠਾਈ ਅਤੇ ਲੋਕਾਂ ਨੂੰ ਧਾਰਮਿਕ ਅਤੇ ਰਾਜਨੀਤਕ ਤੌਰ ਉੱਤੇ ਅਗਵਾਈ ਦਿੱਤੀ। ਯਿਸੂ ਮਸੀਹ ਉੱਤੇ ਰਾਜ ਵਿਚ ਬਗ਼ਾਵਤ ਫੈਲਾਉਣ ਦਾ ਦੋਸ਼ ਲਾਇਆ ਗਿਆ ਅਤੇ ਰੋਮ ਦੇ ਬਾਦਸ਼ਾਹ ਫ਼ਰਾਊਨ ਦੇ ਹੁਕਮ ਤਹਿਤ ਉਸ ਨੂੰ ਸਲੀਬ ਉੱਤੇ ਟੰਗ ਦਿੱਤਾ ਗਿਆ। ਯਿਸੂ ਨੇ ਸਵਰਗ ਦੇ ਰਾਜ ਨੂੰ ਗ਼ਰੀਬਾਂ ਦਾ ਰਾਜ

ਕਿਹਾ ਹੈ ਜਿਥੇ ਅਨਿਆਂ ਅਤੇ ਜ਼ੁਲਮ ਦਾ ਕੋਈ ਪ੍ਰਭਾਵ ਨਹੀਂ ਰਹੇਗਾ। ਉਨ੍ਹਾਂ ਕਿਹਾ ਕਿ ਜੋ ਰਾਜੇ ਦਾ ਹੈ ਉਸ ਨੂੰ ਦੇ ਦਿਉ, ਜੋ ਚਰਚ ਦਾ ਹੈ ਉਹ ਉਸ ਨੂੰ ਦੇ ਦਿਉ। ਧਰਮ ਅਤੇ ਰਾਜ ਪ੍ਰਤੀ ਮਨੁੱਖ ਦੇ ਆਪੋ-ਆਪਣੇ ਕਰਤੱਵ ਹਨ ਜਿਨ੍ਹਾਂ ਦੀ ਪਾਲਣਾ ਕਰਨਾ ਉਸ ਦਾ ਫ਼ਰਜ਼ ਹੈ। ਬਾਅਦ ਵਿਚ ਈਸਾਈ ਮਤ ਜਦੋਂ ਇਕ ਸੰਸਥਾ ਦੇ ਰੂਪ ਵਿਚ ਉਭਰ ਕੇ ਸਾਹਮਣੇ ਆਇਆ ਤੇ ਕਈ ਮੁਲਕਾਂ ਵਿਚ ਇਸ ਦਾ ਪ੍ਰਭਾਵ ਵਧ ਗਿਆ ਤਾਂ ਇੰਗਲੈਂਡ ਦੀ ਰਾਜਨੀਤੀ (ਬਾਦਸ਼ਾਹ) ਨੇ ਧਰਮ ਨੂੰ ਆਪਣੇ ਨਾਲ ਜੋੜ ਲਿਆ ਸੀ। ਇੰਗਲੈਂਡ ਦਾ ਬਾਦਸ਼ਾਹ ਹੀ ਚਰਚ ਅਤੇ ਰਾਜ ਦਾ ਮੁਖੀ ਹੋ ਗਿਆ ਸੀ। ਰਾਜ-ਸ਼ਕਤੀ ਧਰਮ ਦੇ ਪ੍ਰਚਾਰ ਲਈ ਵਰਤੀ ਜਾਣ ਲੱਗੀ। ਸੰਤ ਅਗਸਤਾਈਨ ਇਸੇ ਧਾਰਨਾ ਦਾ ਮੁੱਦਈ ਸੀ। ਉਸ ਅਨੁਸਾਰ ਈਸਾਈ ਮਤ ਦੇ ਹੋਂਦ ਵਿਚ ਆਉਣ ਤੋਂ ਬਾਅਦ ਕੋਈ ਵੀ ਰਾਜ ਜਿਹੜਾ ਈਸਾਈ ਮਤ ਦਾ ਧਾਰਨੀ ਨਹੀਂ, ਉਹ ਨਿਆਂਪੂਰਨ ਨਹੀਂ ਹੋ ਸਕਦਾ, ਚਰਚ ਵਿਹੂਣੇ ਰਾਜ ਕੋਲੋਂ ਨਿਆਂ ਦੀ ਆਸ ਨਹੀਂ ਰੱਖੀ ਜਾ ਸਕਦੀ। ਪੋਪ ਜਿਲੇਸ਼ੀਅਸ ਅਨੁਸਾਰ ਧਾਰਮਿਕ ਖੇਤਰ ਵਿਚ ਸਮਰਾਟ ਨੂੰ ਚਰਚ ਦੇ ਸਨਮੁਖ ਆਪਣੀ ਇੱਛਾ ਦਾ ਸਮਰਪਣ ਕਰ ਦੇਣਾ ਚਾਹੀਦਾ ਹੈ ਤੇ ਉਸ ਨੂੰ ਸਿਖਾਉਣ ਦੀ ਥਾਂ ਸਿੱਖਣ ਦਾ ਯਤਨ ਕਰਨਾ ਚਾਹੀਦਾ ਹੈ। (Sabine George H., *A History of Political Theory,* P-186, 188.)

ਹਜ਼ਰਤ ਮੁਹੰਮਦ ਸਾਹਿਬ ਨੇ ਇਸਲਾਮ ਧਰਮ ਦੀ ਸਥਾਪਨਾ ਕਰਨ ਦੇ ਨਾਲ ਨਾਲ ਯੁੱਧ ਕੀਤੇ ਅਤੇ ਉਨ੍ਹਾਂ ਵਿਚ ਜਿੱਤਾਂ ਵੀ ਹਾਸਲ ਕੀਤੀਆਂ। ਉਨ੍ਹਾਂ ਦੀ ਧਾਰਮਿਕ ਰਾਜਧਾਨੀ ਮੱਕਾ ਸੀ। ਉਨ੍ਹਾਂ ਦੇ ਵਫ਼ਾਤ ਪਾਉਣ (੬੩੨ ਈ:) ਤੋਂ ਬਾਅਦ ਅਨੇਕ ਖ਼ਲੀਫ਼ੇ ਹੋਏ ਜਿਨ੍ਹਾਂ ਨੇ ਤਲਵਾਰ ਦੇ ਜ਼ੋਰ ਨਾਲ ਅਰਬ, ਸੀਰੀਆ, ਮਿਸਰ, ਈਰਾਨ, ਇਰਾਕ ਆਦਿ ਮੁਲਕਾਂ ਦਾ ਇਸਲਾਮੀਕਰਨ ਕਰ ਦਿੱਤਾ ਅਤੇ ਅੱਜ ਇਹ ਸਾਰੇ ਮੁਲਕ ਇਸਲਾਮੀ ਮੁਲਕ ਹੀ ਹਨ। ਖ਼ਿਲਾਫ਼ਤ ਦੀ ਰਾਜਧਾਨੀ ਮੱਕੇ ਤੋਂ ਦਮਿਸ਼ਕ ਤੇ ਫੇਰ ਬਗ਼ਦਾਦ ਵਿਚ ਕਾਇਮ ਕੀਤੀ ਗਈ। ਸਮਰਾਟ ਅਸ਼ੋਕ ਨੇ ਆਪਣੀ ਰਾਜਨੀਤਕ ਸ਼ਕਤੀ ਦੁਆਰਾ ਬੁੱਧ ਧਰਮ ਦੇ ਪ੍ਰਚਾਰ ਵਿਚ ਵੱਡਾ ਯੋਗਦਾਨ ਪਾਇਆ। ਪੰਜਾਬ ਵਿਚ ਵੀ ਜੇ ਬਾਬਾ ਬੰਦਾ ਸਿੰਘ ਬਹਾਦਰ ਦੀ ਹਕੂਮਤ, ਮਹਾਰਾਜਾ ਰਣਜੀਤ ਸਿੰਘ ਦਾ ਰਾਜ ਤੇ ਸਿੱਖ ਮਿਸਲਾਂ ਅਤੇ ਸਿੱਖ ਰਿਆਸਤਾਂ ਕਾਇਮ ਨਾ ਹੁੰਦੀਆਂ ਤਾਂ ਸਿੱਖ ਧਰਮ ਦੀ ਸ਼ਾਇਦ ਅੱਜ ਵਰਗੀ ਸਥਿਤੀ ਨਾ ਹੁੰਦੀ। ਇਸ ਤਰ੍ਹਾਂ

ਧਰਮ ਅਤੇ ਰਾਜਨੀਤੀ ਇਕ ਦੂਜੇ ਦੇ ਪੂਰਕ ਹਨ ਅਤੇ ਸਦਾ ਇਕ ਦੂਜੇ ਨੂੰ ਪ੍ਰਭਾਵਿਤ ਕਰਦੇ ਰਹੇ ਹਨ। ਇਸੇ ਲਈ ਕਿਹਾ ਗਿਆ ਹੈ:

*ਰਾਜ ਬਿਨਾ ਨਹ ਧਰਮ ਚਲੈ ਹੈ।*
*ਧਰਮ ਬਿਨਾ ਸਭ ਦਲੈ ਮਲੈ ਹੈ।*

ਜਦੋਂ ਈਸਾਈ ਮਤ ਦੇ ਪੈਦਾ ਹੋਣ ਤੋਂ ਬਾਅਦ ਧਰਮਾਂ ਨੇ ਇਕ ਸੰਸਥਾਗਤ ਰੂਪ ਧਾਰਨਾ ਸ਼ੁਰੂ ਕਰ ਦਿੱਤਾ ਸੀ ਤਾਂ ਇਹ ਸਿਰਫ਼ ਮਨੁੱਖ ਦੇ ਆਤਮਕ ਵਿਕਾਸ ਤਕ ਸੀਮਤ ਨਾ ਰਹਿ ਕੇ ਅੰਤਰਮੁਖਤਾ ਦੇ ਨਾਲ-ਨਾਲ ਬਾਹਰਮੁਖੀ ਅਤੇ ਗੁਣਾਂ ਦੇ ਨਾਲ-ਨਾਲ ਗਿਣਤੀ ਵੱਲ ਵਧਣ ਲੱਗ ਗਏ ਸਨ। ਇਸ ਲਈ ਵੱਧ ਤੋਂ ਵੱਧ ਲੋਕਾਂ ਨੂੰ ਆਪਣੇ ਮਤ ਵਿਚ ਲਿਆਉਣ ਦਾ ਯਤਨ ਹੋਣ ਲੱਗਾ। ਇਸ ਕਰਕੇ ਰਾਜਿਆਂ ਵਿਚਕਾਰ ਆਪਸੀ ਯੁੱਧਾਂ ਵਾਂਗ ਧਰਮਾਂ ਦਾ ਵੀ ਆਪਸ ਵਿਚ ਟਕਰਾਉ ਹੋਣ ਲੱਗਾ ਕਿਉਂਕਿ ਹੁਣ ਰਾਜਾਂ ਦੇ ਫੈਲਾਓ ਲਈ ਧਰਮ ਨੂੰ ਵਰਤਿਆ ਜਾਣ ਲੱਗ ਪਿਆ। ਇਸ ਤਰ੍ਹਾਂ ਧਰਮ ਰਾਜ ਦਾ ਕੁੰਡਾ ਹੋਣ ਦੀ ਥਾਂ ਰਾਜ ਦੀ ਘੋੜੀ ਬਣ ਗਿਆ ਸੀ, ਜਿਸ ਕਾਰਨ ਅਧਿਆਤਮਕਤਾ ਵਿਚ ਕਮਜ਼ੋਰੀ ਆਉਣ ਲੱਗ ਪਈ ਅਤੇ ਧਾਰਮਿਕਤਾ ਵਿਚ ਕਪਟ, ਛਲ, ਕੂੜ, ਕੁਸੱਤ, ਧੋਖਾ, ਫ਼ਰੇਬ ਅਤੇ ਪਾਖੰਡ ਸ਼ਾਮਲ ਹੋ ਗਿਆ। ਨੀਤੀ ਵਜੋਂ ਬੁੱਧ ਮਤ ਦਾ ਟਕਰਾਉ ਬ੍ਰਾਹਮਣੀ ਮਤ ਨਾਲ ਹੋਇਆ। ਇਸਲਾਮ ਦੀ ਸਥਾਪਨਾ ਹੋਣ ਨਾਲ ਈਸਾਈ ਮਤ ਤੇ ਇਸਲਾਮ ਵਿਚ ਟਕਰਾਉ ਪੈਦਾ ਹੋ ਗਿਆ।

ਹਿੰਦੁਸਤਾਨ ਵਿਚ ਸਿੱਖ ਧਰਮ ਦੇ ਹੋਂਦ ਵਿਚ ਆਉਣ ਨਾਲ ਇਸਲਾਮ ਅਤੇ ਸਿੱਖ ਮਤ ਦਾ ਟਕਰਾਉ ਲਗਭਗ ਦੋ ਸਦੀਆਂ ਤਕ ਰਿਹਾ। ਸਿੱਖ ਧਰਮ ਨੂੰ ਜੋ ਕਿ ਮੂਲ ਰੂਪ ਵਿਚ ਸੰਸਥਾਗਤ ਧਰਮ ਹੀ ਨਹੀਂ ਸੀ, ਸਗੋਂ ਗੁਣਾਤਮਕ ਅਤੇ ਮਾਨਵਤਾਵਾਦੀ ਧਰਮ ਵੀ ਸੀ, ਇਸਲਾਮ ਦੀ ਕੱਟੜਤਾ ਤੇ ਜਬਰ ਦੇ ਵਿਰੁੱਧ ਇਕ ਲੰਮੇ ਸੰਘਰਸ਼ ਵਿੱਚੋਂ ਲੰਘਣਾ ਪਿਆ। ਸਿੱਖ ਧਰਮ ਦੀ ਹੋਂਦ, ਉਚੇਰੀਆਂ ਮਨੁੱਖੀ ਕਦਰਾਂ-ਕੀਮਤਾਂ, ਸੱਚ, ਹੱਕ ਅਤੇ ਮਨੁੱਖੀ ਅਜ਼ਾਦੀਆਂ ਨੂੰ ਕਾਇਮ ਰੱਖਣ ਲਈ ਗੁਰੂ ਸਾਹਿਬਾਨ ਅਤੇ ਅਨੇਕਾਂ ਸਿੰਘਾਂ, ਸਿੰਘਣੀਆਂ ਅਤੇ ਭੁਜੰਗੀਆਂ ਨੇ ਸ਼ਹੀਦੀਆਂ ਦਿੱਤੀਆਂ, ਉਪਰੰਤ ਸਿੱਖ ਰਾਜ ਕਾਇਮ ਕੀਤਾ ਗਿਆ। ਇਸ ਰਾਜ ਦੀ ਸਥਾਪਤੀ ਰਾਜਨੀਤੀ ਕਾਰਨ ਨਹੀਂ ਸਗੋਂ ਇਹ ਧਰਮ ਅਤੇ ਰਾਜਨੀਤੀ ਦੇ ਸੰਜੋਗ ਨਾਲ ਹੋਈ ਸੀ। ਇਸ ਲਈ ਮਹਾਰਾਜਾ ਰਣਜੀਤ ਸਿੰਘ ਨੇ ਸਿੱਖ ਧਰਮ ਦਾ ਹੀ ਨਹੀਂ ਸਗੋਂ ਦੂਜੇ ਧਰਮਾਂ

ਦਾ ਵੀ ਸਤਿਕਾਰ ਕੀਤਾ ਅਤੇ ਸਾਂਝਾ ਖ਼ਾਲਸਾ ਰਾਜ ਸਥਾਪਤ ਕੀਤਾ ਜਿਸ ਨੂੰ 'ਸਰਕਾਰ-ਏ-ਖ਼ਾਲਸਾ' ਕਿਹਾ ਜਾਂਦਾ ਸੀ। ਉਨ੍ਹਾਂ ਦੇ ਰਾਜ-ਪ੍ਰਬੰਧ ਵਿਚ ਸ਼ਾਮਲ ਵੱਖ-ਵੱਖ ਅਕੀਦਿਆਂ ਦੇ ਲੋਕਾਂ ਅਤੇ ਉਨ੍ਹਾਂ ਦੇ ਰਾਜ ਵੱਲੋਂ ਜਾਰੀ ਕੀਤੇ ਸਿੱਕੇ ਉੱਤੇ ਉੱਕਰੇ ਇਹ ਸ਼ਬਦ ਧਰਮ ਅਤੇ ਰਾਜਨੀਤੀ ਦੇ ਸੰਜੋਗ ਨੂੰ ਹੀ ਜ਼ਾਹਰ ਕਰਦੇ ਹਨ :

*ਦੇਗੋ ਤੇਗੋ ਫਤਿਹ ਨੁਸਰਤ ਬੇਦਰੰਗ॥*
*ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ॥*

ਭਾਵ :

*ਦੇਗ ਤੇਗ ਜਿਤ ਸੇਵ ਨਿਰਾਲਮ।*
*ਗੁਰੂ ਨਾਨਕ-ਗੋਬਿੰਦ ਸਿੰਘ ਤੋਂ ਪਾਈ।*

ਸਿੱਖ ਧਰਮ ਵਿਚ ਧਰਮ ਅਤੇ ਰਾਜਨੀਤੀ ਦਾ ਸੁਮੇਲ ਬਾਬਰ ਦੇ ਹਮਲੇ ਸਮੇਂ ਹੀ ਸਪੱਸ਼ਟ ਹੋ ਗਿਆ ਸੀ। ਗੁਰੂ ਨਾਨਕ ਦੇਵ ਜੀ ਨੇ ਬਾਬਰ ਦੇ ਜ਼ੁਲਮਾਂ ਦੇ ਖ਼ਿਲਾਫ਼ ਜ਼ੋਰਦਾਰ ਰੋਸ ਪ੍ਰਗਟ ਕੀਤਾ ਸੀ। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਸਿੱਖ ਧਰਮ ਦੇ ਸ਼ਾਂਤਮਈ ਤੇ ਨਿਮਰਤਾ ਵਾਲੇ ਸਰੂਪ ਉੱਤੇ ਰਾਜਨੀਤੀ ਦਾ ਵਹਿਸ਼ੀਆਨਾ ਤੇ ਗ਼ਰੂਰ ਨਾਲ ਭਰਿਆ ਘਿਨਾਉਣਾ ਹਮਲਾ ਸੀ। ਇਸ ਤੋਂ ਪਿੱਛੋਂ ਸਿੱਖ ਧਰਮ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਤੇ ਮੀਰੀ ਪੀਰੀ ਦੀ ਪਰੰਪਰਾ, ਭਗਤੀ ਤੇ ਸ਼ਕਤੀ ਦਾ ਸੁਮੇਲ ਧਰਮ ਅਤੇ ਰਾਜਨੀਤੀ ਦਾ ਜ਼ਾਹਰਾ ਸੰਜੋਗ ਹੀ ਸੀ। ਸ੍ਰੀ ਹਰਿਮੰਦਿਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਅਤੇ ਹੋਂਦ, ਇਨ੍ਹਾਂ ਦੋਹਾਂ ਦੇ ਵਿਚਕਾਰ ਦੋ ਨਿਸ਼ਾਨ ਸਾਹਿਬ, ਗੁਰੂ ਹਰਿਗੋਬਿੰਦ ਸਾਹਿਬ ਵਲੋਂ ਪਹਿਨੀਆਂ ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਧਰਮ ਅਤੇ ਰਾਜਨੀਤੀ ਦੇ ਸੁਮੇਲ ਅਤੇ ਸੰਜੋਗ ਦੇ ਲਖਾਇਕ ਹੀ ਹਨ। ਪੀਰੀ ਦਾ ਨਿਸ਼ਾਨ ਸਾਹਿਬ ਮੀਰੀ ਦੇ ਨਿਸ਼ਾਨ ਸਾਹਿਬ ਤੋਂ ਉੱਚਾ ਹੋਣਾ ਇਸ ਗੱਲ ਨੂੰ ਸਪੱਸ਼ਟ ਕਰਦਾ ਹੈ ਕਿ ਧਰਮ ਦਾ ਕੁੰਡਾ ਰਾਜਨੀਤੀ ਦੇ ਸਿਰ ਉੱਤੇ ਆਵੱਸ਼ਕ ਹੀ ਹੈ। ਇਹ ਸੁਮੇਲ ਅਤੇ ਸੰਜੋਗ ਸੰਸਾਰ ਲਈ ਸਭ ਤੋਂ ਵੱਧ ਉਪਯੋਗੀ, ਸਾਰਥਕ ਅਤੇ ਸਹੀ ਹੈ। ਖ਼ਾਲਸੇ ਦੇ ਆਦਰਸ਼ਾਂ ਵਿੱਚੋਂ ਵੀ ਧਰਮ ਅਤੇ ਰਾਜਨੀਤੀ ਦਾ ਸੰਜੋਗ ਝਲਕਦਾ ਹੈ। ਇਹ ਸੰਜੋਗ ਇਕ ਆਦਰਸ਼ਕ ਵਿਅਕਤੀ ਪੈਦਾ ਕਰਨ ਦੇ ਯੋਗ ਹੈ

ਜੋ ਕਿ ਧਰਮ ਦੇ ਗੁਣਾਂ ਨੂੰ ਧਾਰਨ ਕਰਦੇ ਹੋਏ ਰਾਜਨੀਤੀ ਦੇ ਖੇਤਰ ਵਿਚ ਸਫਲਤਾ ਪੂਰਵਕ ਵਿਚਰ ਸਕੇ। ਧਰਮ ਦਾ ਉਦੇਸ਼ ਹੈ ਨਾਮ ਜਪਾਉਣਾ ਭਾਵ ਆਤਮਾ ਦਾ ਵਿਕਾਸ ਅਤੇ ਪ੍ਰਫੁੱਲਤਾ ਯਕੀਨੀ ਬਣਾਉਣਾ ਅਤੇ ਰਾਜਨੀਤੀ ਦਾ ਫ਼ਰਜ਼ ਹੈ ਗੁਨਾਹਗਾਰਾਂ ਨੂੰ ਦੰਡ ਦੇਣਾ ਅਤੇ ਸਮਾਜਿਕ ਅਤੇ ਆਰਥਿਕ ਜ਼ਿੰਦਗੀ ਨੂੰ ਨਿਯਮਤ ਅਤੇ ਵਿਕਾਸਮੁਖੀ ਦਿਸ਼ਾ ਵੱਲ ਰੱਖਣਾ ਜਿਸ ਦੇ ਅਧੀਨ ਮਨੁੱਖ ਦੇ ਰੋਜ਼ਾਨਾ ਜੀਵਨ ਦੀਆਂ ਮੁੱਢਲੀਆਂ ਲੋੜਾਂ ਕੁੱਲੀ, ਗੁੱਲੀ ਤੇ ਜੁੱਲੀ ਦਾ ਪ੍ਰਬੰਧ ਕਰਨ ਦੇ ਨਾਲ-ਨਾਲ ਧਰਮ ਦੀ ਰੱਖਿਆ ਕਰਨਾ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੀਵਨ ਉਦੇਸ਼ ਬਾਰੇ ਦੱਸਦਿਆਂ ਫ਼ੁਰਮਾਇਆ ਹੈ:

*ਯਾਹੀ ਕਾਜ ਧਰਾ ਹਮ ਜਨਮੰ ॥*
*ਸਮਝ ਲੇਹੁ ਸਾਧੂ ਸਭ ਮਨਮੰ ॥*
*ਧਰਮ ਚਲਾਵਨ ਸੰਤ ਉਬਾਰਨ ॥*
*ਦੁਸਟ ਸਭਨ ਕੋ ਮੂਲ ਉਪਾਰਨਿ ॥੪੩॥੬॥*

*(ਬਚਿਤ੍ਰ ਨਾਟਕ, ਅਧਿ. ੬)*

ਮੁਹੰਮਦ ਗ਼ੌਰੀ, ਗ਼ਜ਼ਨਵੀ, ਅਬਦਾਲੀ, ਨਾਦਰਸ਼ਾਹ, ਬਾਬਰ ਤੇ ਔਰੰਗਜ਼ੇਬ ਤੀਕ ਸਾਰੇ ਸਮਰਾਟ ਇਸਲਾਮੀ ਧਰਮ ਨੂੰ ਫੈਲਾਉਣ ਲਈ ਆਪਣੀ ਰਾਜਨੀਤਕ ਸ਼ਕਤੀ ਦਾ ਦੁਰਉਪਯੋਗ ਕਰਦੇ ਰਹੇ। ਹਿੰਦੂ ਮੰਦਰ ਢਾਹੇ ਜਾਂਦੇ ਰਹੇ, ਤਲਵਾਰ ਦੀ ਨੋਕ ਉੱਤੇ ਹਿੰਦੂਆਂ ਨੂੰ ਧਰਮ ਤਬਦੀਲ ਕਰਨ ਲਈ ਮਜਬੂਰ ਕੀਤਾ ਜਾਂਦਾ ਰਿਹਾ। ਇਸ ਸਮੇਂ ਦੌਰਾਨ ਗੁਰੂ ਅਰਜਨ ਦੇਵ ਜੀ, ਗੁਰੂ ਤੇਗ਼ ਬਹਾਦਰ ਸਾਹਿਬ ਅਤੇ ਸਾਹਿਬਜ਼ਾਦਿਆਂ ਸਮੇਤ ਅਣਗਿਣਤ ਸਿੰਘਾਂ, ਸਿੰਘਣੀਆਂ ਅਤੇ ਭੁਜੰਗੀਆਂ ਨੇ ਸ਼ਹੀਦੀਆਂ ਦਿੱਤੀਆਂ। ਸਮੇਂ ਦੇ ਹਾਲਾਤ ਬਾਰੇ ਗੁਰੂ ਨਾਨਕ ਸਾਹਿਬ ਦਾ ਫ਼ੁਰਮਾਨ ਹੈ:

*ਥਾਨ ਮੁਕਾਮ ਜਲੇ ਬਿਜ ਮੰਦਰ ਮੁਛਿ ਮੁਛਿ ਕੁਇਰ ਰੁਲਾਇਆ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੧੭-੧੮)*

ਹਿਟਲਰ, ਹਲਾਕੂ ਅਤੇ ਚੰਗੇਜ਼ ਖ਼ਾਨ ਨੇ ਕੇਵਲ ਰਾਜਨੀਤੀ ਹੀ ਕੀਤੀ, ਧਰਮ ਦਾ ਕੁੰਡਾ ਬਿਲਕੁਲ ਗ਼ਾਇਬ ਹੀ ਰਿਹਾ। ਬਹੁਤ ਸਾਰੇ ਦੇਸ਼ ਖ਼ਾਸ ਕਰਕੇ ਇਸਲਾਮੀ ਦੇਸ਼ ਦੀਨੀ ਹਕੂਮਤਾਂ (ਧਰਮ ਤਾਂਤਰਿਕ ਦੇਸ਼) ਹਨ ਜਿਥੇ ਧਾਰਮਿਕਤਾ ਦੇ ਅਸਲੀ ਅਸੂਲ ਅਤੇ ਗੁਣ, ਜੋ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਬਿਆਨ ਕੀਤੇ ਹਨ, ਬਿਲਕੁਲ ਗ਼ਾਇਬ ਹਨ ਅਤੇ

ਨਾਲ ਹੀ ਉਨ੍ਹਾਂ ਮੁਲਕਾਂ ਵਿਚ ਧਾਰਮਿਕ ਕੱਟੜਤਾ ਅਤੇ ਜਨੂੰਨ ਦਾ ਹੀ ਬੋਲਬਾਲਾ ਹੈ। ਇਕ ਸਹੀ ਮੁਸਲਮਾਨ ਕਿਹੋ ਜਿਹਾ ਹੋਵੇ, ਬਾਰੇ ਗੁਰੂ ਨਾਨਕ ਸਾਹਿਬ ਦਾ ਫ਼ੁਰਮਾਨ ਹੈ :

*ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ ॥*
*ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ ॥*
*ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ ॥*
*ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੪੧)*

ਸਿੱਖ ਧਰਮ ਵਿਚ ਧਰਮ ਅਤੇ ਰਾਜਨੀਤੀ ਦਾ ਸੁਮੇਲ ਗਿਣਤੀ ਅਤੇ ਕੱਟੜਤਾ ਉੱਤੇ ਨਹੀਂ, ਸਗੋਂ ਆਤਮਕ ਗੁਣਾਂ ਅਤੇ ਰੱਛਿਆ ਰਿਆਇਤ ਦੀ ਭਾਵਨਾ 'ਤੇ ਅਧਾਰਿਤ ਹੈ। ਗੁਰੂ ਸਾਹਿਬ ਨੇ ਸੰਸਥਾਗਤ ਅਤੇ ਆਪਣੀ ਸ੍ਰੇਸ਼ਟਤਾ ਦਾ ਢੰਡੋਰਾ ਪਿੱਟਣ ਵਾਲੇ ਵੱਖ-ਵੱਖ ਵਿਸ਼ਵਾਸਾਂ ਉੱਤੇ ਟਿਕੇ ਧਰਮਾਂ ਨੂੰ ਕੋਈ ਬਹੁਤੀ ਮਾਨਤਾ ਨਹੀਂ ਦਿੱਤੀ, ਸਗੋਂ ਗੁਰੂ ਸਾਹਿਬ ਅਨੁਸਾਰ ਧਰਮ ਇੱਕੋ ਪਰਮਾਤਮਾ ਵਿਚ ਵਿਸ਼ਵਾਸ, ਸਾਰੇ ਮਨੁੱਖਾਂ ਨੂੰ ਇੱਕੋ ਪਰਮਾਤਮਾ ਦੀ ਅੰਸ਼ ਅਤੇ ਬਰਾਬਰ ਸਮਝਣਾ, ਹਿਰਦਾ ਸ਼ੁੱਧ ਕਰਨਾ, ਮਨ ਦੀ ਚੰਚਲਤਾਈ ਵਿਸ਼ੇ ਅਤੇ ਵਿਕਾਰਾਂ ਉੱਤੇ ਕਾਬੂ ਪਾ ਕੇ *"ਮਨਿ ਜੀਤੈ ਜਗੁ ਜੀਤੁ"* ਦੀ ਸਥਿਤੀ ਨੂੰ ਪ੍ਰਾਪਤ ਕਰਨਾ, ਸਰੀਰ ਸਵੱਸਥ ਰੱਖਣਾ, ਆਤਮਕ ਅਨੰਦ ਦੀ ਲੋਚਾ ਰੱਖਣੀ, ਸਰਬੱਤ ਦਾ ਭਲਾ ਮੰਗਣਾ, ਪਰਉਪਕਾਰੀ ਅਤੇ ਤਿਆਗ ਦੀ ਭਾਵਨਾ ਕਾਇਮ ਕਰਨੀ ਅਤੇ ਆਪਣੇ ਫ਼ਰਜ਼ਾਂ ਦੀ ਪਾਲਣਾ ਕਰਨਾ ਹੈ। ਇਹ ਧਰਮ ਸਭ ਸਮਿਆਂ ਅਤੇ ਸਭ ਅਸਥਾਨਾਂ 'ਤੇ ਹਮੇਸ਼ਾ ਇੱਕੋ ਜਿਹਾ ਰਹਿੰਦਾ ਹੈ। ਇਹੋ ਮਾਨਵਤਾਵਾਦੀ ਧਰਮ ਹੈ। ਕੋਈ ਗੁਰਮਤਿ ਵਿਚ ਪੂਰਾ ਵਿਅਕਤੀ ਹੀ ਇਸ ਧਰਮ ਨੂੰ ਦ੍ਰਿੜ੍ਹ ਕਰਦਾ ਹੈ। ਉਹ ਵਿਅਕਤੀ ਮਹਾਨ ਹੈ। ਗੁਰਵਾਕ ਹੈ :

*ਏਕੋ ਧਰਮੁ ਦ੍ਰਿੜੈ ਸਚੁ ਕੋਈ ॥*
*ਗੁਰਮਤਿ ਪੂਰਾ ਜੁਗਿ ਜੁਗਿ ਸੋਈ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੧੮੮)*

*ਸਰਬ ਸਬਦੰ ਏਕ ਸਬਦੰ ਜੇ ਕੋ ਜਾਣੈ ਭੇਉ ॥*
*ਨਾਨਕੁ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ ॥੩॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੬੯)*

ਗੁਰਬਾਣੀ ਵਿਚ ਅਜਿਹੇ ਸਰਵਮੁਖੀ ਧਰਮ ਨੂੰ ਧਾਰਨ ਕਰਨ ਵਾਲੇ ਵਿਅਕਤੀ ਦੇ ਲੱਛਣ ਇਸ ਤਰ੍ਹਾਂ ਬਿਆਨ ਕੀਤੇ ਹਨ। ਧਰਮੀ ਵਿਅਕਤੀ ਧਰਮ ਕਰਨ ਵਿਚ ਜ਼ਰਾ ਵੀ ਦੇਰੀ ਨਹੀਂ ਕਰਦਾ, ਉਹ ਬੁਰੇ ਕੰਮਾਂ ਵਿਚ ਕੋਈ ਰੁਚੀ ਨਹੀਂ ਰੱਖਦਾ। ਸਿਰਜਣਹਾਰ ਨੂੰ ਸਦਾ ਚੇਤੇ ਰੱਖਦਾ ਹੈ, ਪਰਾਈ ਦੌਲਤ, ਪਰਾਈ ਇਸਤਰੀ ਦਾ ਲੋਭ ਮਨ ਵਿਚ ਨਹੀਂ ਆਉਣ ਦਿੰਦਾ। ਸੰਤਾਂ-ਮਹਾਂਪੁਰਖਾਂ, ਜਿਨ੍ਹਾਂ ਨੇ ਵਿਸ਼ੇ-ਵਿਕਾਰਾਂ ਨੂੰ ਜਿੱਤ ਕੇ ਮਨ ਸ਼ਾਂਤ ਕਰ ਲਿਆ ਹੈ, ਦੀ ਸੰਗਤ ਕਰਨੀ, ਉਨ੍ਹਾਂ ਦਾ ਉਪਦੇਸ਼ ਸੁਣਨਾ, ਜਿਹੜੇ ਕੰਮ ਨਿੰਦਣ ਯੋਗ ਹਨ ਜਿਵੇਂ ਕਿਸੇ ਨੂੰ ਦੁੱਖ ਦੇਣਾ, ਕਿਸੇ ਨਾਲ ਧੋਖਾ ਕਰਨਾ, ਕਿਸੇ ਦਾ ਹੱਕ ਮਾਰਨਾ, ਕੂੜ ਕੁਸੱਤ ਬੋਲਣਾ, ਮਨ ਵਿਚ ਛਲ, ਕਪਟ ਅਤੇ ਈਰਖਾ ਰੱਖਣਾ ਆਦਿ ਅਜਿਹੇ ਬੁਰੇ ਕੰਮਾਂ ਦਾ ਤਿਆਗ ਕਰਨਾ, ਇਹੋ ਮਾਨਵਤਾਵਾਦੀ ਸੱਚੇ ਧਰਮ ਦੇ ਲੱਛਣ ਹਨ। ਇਨ੍ਹਾਂ ਤੋਂ ਬਿਨਾਂ ਵਿਅਕਤੀ ਅਧਰਮੀ ਹੁੰਦਾ ਹੈ ਭਾਵੇਂ ਉਹ ਕਿੰਨਾ ਹੀ ਮੰਨਿਆ ਪ੍ਰਮੰਨਿਆ ਤੇ ਲੋਕਾਂ ਵਿਚਕਾਰ ਇੱਜ਼ਤ ਮਾਣ ਪਾਉਂਦਾ ਹੋਵੇ ਤੇ ਆਪਣੇ ਧਰਮ ਦੀ ਸ੍ਰੇਸ਼ਠਤਾ ਵਿਚ ਜਿੰਨਾ ਮਰਜ਼ੀ ਦ੍ਰਿੜ੍ਹ ਵਿਸ਼ਵਾਸੀ ਹੋਵੇ। ਗੁਰਬਾਣੀ ਦਾ ਮਹਾਂਵਾਕ ਹੈ :

*ਨਹ ਬਿਲੰਬ ਧਰਮੰ ਬਿਲੰਬ ਪਾਪੰ ॥*
*ਦ੍ਰਿੜੰਤ ਨਾਮੰ ਤਜੰਤ ਲੋਭੰ ॥*
*ਸਰਣਿ ਸੰਤੰ ਕਿਲਬਿਖ ਨਾਸੰ ਪ੍ਰਾਪਤੰ ਧਰਮ ਲਖ੍ਣਿ ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੩੫੪)*

ਚੰਗੇ ਰਾਜੇ ਅਤੇ ਵਿਜੱਈ ਰਾਜੇ ਦੇ ਲੱਛਣ ਵੀ ਗੁਰਬਾਣੀ ਵਿਚ ਦੱਸੇ ਗਏ ਹਨ। ਰਾਜਾ ਉਹ ਵਿਜੱਈ ਹੁੰਦਾ ਹੈ ਜੋ ਲੋਕ ਭਲਾਈ ਦੇ ਚੰਗੇ ਕੰਮਾਂ ਅਤੇ ਨਿਆਂਕਾਰੀ ਰਾਜ ਪ੍ਰਬੰਧ ਦੇ ਕੇ ਲੋਕਾਂ ਦਾ ਮਨ ਜਿੱਤਦਾ ਹੈ। ਰਾਜੇ ਦਾ ਕੰਮ ਜ਼ੁਲਮ ਅਤੇ ਤਸ਼ੱਦਦ ਨਾਲ ਲੋਕਾਂ ਨੂੰ ਆਪਣੇ ਅਧੀਨ ਵਿਚ ਰੱਖਣਾ ਨਹੀਂ। ਲੋਕਾਂ ਦੀਆਂ ਆਸਾਂ ਪੂਰੀਆਂ ਕਰਨ ਅਤੇ ਉਨ੍ਹਾਂ ਦੀਆਂ ਅਸੀਸਾਂ ਲੈਣ ਵਾਲਾ ਰਾਜਾ ਹੀ, ਸਹੀ ਰਾਜਾ ਹੁੰਦਾ ਹੈ। ਇਸ ਤੋਂ ਇਲਾਵਾ ਉਹ ਰਾਜਾ ਜੋ ਆਪਣੇ ਕੋਲ ਰਾਜ ਸ਼ਕਤੀ ਹੁੰਦਿਆਂ ਹੋਇਆਂ ਵੀ ਆਪਣੇ ਮਨ 'ਤੇ ਕਾਬੂ ਰੱਖਦਾ ਹੈ ਤੇ ਵਿਸ਼ੇ-ਵਿਕਾਰ, ਵਾਸ਼ਨਾ ਅਤੇ ਹੰਕਾਰ ਦੀਆਂ ਭਾਵਨਾਵਾਂ ਅਧੀਨ ਮਨ ਇੱਛਤ ਕਰਮਾਂ ਵਿਚ ਪਰਵਿਰਤ ਨਹੀਂ ਹੁੰਦਾ, ਉਹ ਰਾਜਾ ਲੋਕਾਂ ਵਿਚ ਅਦਬ ਸਤਿਕਾਰ ਪਾਉਂਦਾ ਹੈ। ਇਸ ਤੋਂ ਉਲਟ ਚੱਲਣ ਵਾਲਾ ਰਾਜਾ, ਬਲ

ਅਤੇ ਸੈਨਾ ਨਾਲ ਲੋਕਾਂ ਨੂੰ ਜਿੱਤ ਕੇ ਵੀ ਅੰਤ ਹਾਰਦਾ ਹੈ। ਉਸ ਦਾ ਲੋਕਾਂ ਵਿਚ ਕੋਈ ਸਤਿਕਾਰ ਨਹੀਂ ਹੁੰਦਾ। ਗੁਰਬਾਣੀ ਦਾ ਫ਼ੁਰਮਾਨ ਹੈ:

*...ਮਨਿ ਜੀਤੈ ਜਗੁ ਜੀਤੁ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੬)*

*ਕਿਆ ਸੁਲਤਾਨੁ ਸਲਾਮ ਵਿਹੂਣਾ ਅੰਧੀ ਕੋਠੀ ਤੇਰਾ ਨਾਮੁ ਨਾਹੀ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੫੪)*

ਲੋਕ-ਮਾਨਤਾਵਾਂ ਅਤੇ ਰਵਾਇਤਾਂ ਅਨੁਸਾਰ ਵੀ ਧਰਮ ਦਾ ਤੇ ਰਾਜ ਦਾ ਆਪੋ ਵਿਚ ਗੂੜ੍ਹਾ ਸੰਬੰਧ ਹੁੰਦਾ ਹੈ। ਵਿਸ਼ਵਾਸ ਕੀਤਾ ਜਾਂਦਾ ਹੈ ਕਿ ਰਾਜਾ ਉਹ ਹੀ ਬਣਦਾ ਹੈ ਜਿਸਨੇ ਪਿਛਲੇ ਜਨਮਾਂ ਵਿਚ ਭਜਨ-ਬੰਦਗੀ ਤੇ ਤਪੱਸਿਆ ਕੀਤੀ ਹੁੰਦੀ ਹੈ। ਜੇ ਉਹ ਰਾਜਾ ਬਣ ਕੇ ਪਾਪ ਕਰਨ ਤੋਂ ਬਚਦਾ ਹੈ ਤੇ ਧਾਰਮਿਕ ਗੁਣਾਂ ਨੂੰ ਕਾਇਮ ਰੱਖਦਾ ਹੈ ਤਾਂ ਉਸ ਦੀ ਰਾਜ ਕਰਨ ਵਾਲੀ ਸ਼ਕਤੀ ਕਾਇਮ ਰਹਿੰਦੀ ਹੈ। ਇਸ ਦੇ ਉਲਟ ਜੇ ਉਹ ਰਾਜ ਦੀ ਸ਼ਾਨੋ-ਸ਼ੌਕਤ ਵਿਚ ਧਰਮ ਨੂੰ ਭੁੱਲ ਕੇ ਹੰਕਾਰੀ ਹੋ ਜਾਂਦਾ ਹੈ, ਐਸ਼-ਪ੍ਰਸਤੀ ਅਤੇ ਵਿਸ਼ੇ-ਵਿਕਾਰਾਂ ਵਿਚ ਪੈ ਜਾਂਦਾ ਹੈ, ਲੋਕਾਂ ਦੇ ਹਿੱਤਾਂ ਦੀ ਰਾਖੀ ਨਹੀਂ ਕਰਦਾ, ਪਰਜਾ ਨਾਲ ਅਨਿਆਂ ਤੇ ਜ਼ੁਲਮ ਕਰਦਾ ਹੈ ਤਾਂ ਉਸ ਦੇ ਤਪ ਦਾ ਫਲ ਛੇਤੀ ਮੁੱਕ ਜਾਂਦਾ ਹੈ ਤੇ ਅਜਿਹੇ ਰਾਜੇ ਦਾ ਛੇਤੀ ਪਤਨ ਹੋ ਜਾਂਦਾ ਹੈ। ਉਸ ਦੀ ਪਦਵੀ ਖੁੱਸ ਜਾਂਦੀ ਹੈ ਤੇ ਉਹ ਜਿਉਂਦੇ-ਜੀਅ ਲੋਕਾਂ ਦੇ ਮਨੋਂ ਉਤਰ ਜਾਂਦਾ ਹੈ ਤੇ ਮਨ ਵਿਚ ਸੰਤਾਪ ਭੋਗਦਾ ਰਹਿੰਦਾ ਹੈ। ਇਸ ਲੋਕ-ਅਖਾਣ ਵਿਚ ਇਸ ਸਚਾਈ ਨੂੰ ਚਾਰ ਸ਼ਬਦਾਂ ਵਿਚ ਵਰਣਨ ਕੀਤਾ ਗਿਆ ਹੈ:

*ਤਪੋਂ ਰਾਜ ਰਾਜੋਂ ਨਰਕ ॥*

ਗੁਰਮਤਿ ਅਨੁਸਾਰ ਰਾਜਾ ਉਹ ਚੰਗਾ ਹੈ ਜੋ ਵਿਦਿਆ ਆਦਿ ਗੁਣਾਂ ਵਿਚ ਨਿਪੁੰਨ ਹੁੰਦਾ ਹੈ ਅਤੇ ਆਰਥਿਕਤਾ ਦਾ ਗਿਆਨ ਰੱਖਦਾ ਹੈ। ਆਪਣੇ ਰਾਜ ਨੂੰ ਚੰਗੀਆਂ ਯੋਜਨਾਵਾਂ ਨਾਲ ਖ਼ੁਸ਼ਹਾਲ ਕਰ ਸਕਦਾ ਹੈ। ਯੋਧਾ ਹੈ ਤਾਂ ਦੁਸ਼ਮਣ ਤੋਂ ਆਪਣੀ ਪਰਜਾ ਦੀ ਰੱਖਿਆ ਕਰ ਸਕਦਾ ਹੈ। ਲੋਕਾਂ ਦੇ ਹਿਤਾਂ ਨੂੰ ਮੁਖ ਰੱਖਦਾ ਹੈ। ਆਪਣੀ ਤਾਨਾਸ਼ਾਹੀ ਨਹੀਂ ਚਲਾਉਂਦਾ, ਲੋਕਾਂ ਦੀ ਰਾਇ ਅਨੁਸਾਰ ਰਾਜ ਕਰਦਾ ਹੈ। ਪੰਚਾਂ ਭਾਵ ਮੁਦੱਬਿਰ ਬੰਦਿਆਂ ਦਾ ਸਤਿਕਾਰ ਕਰਦਾ ਹੈ, ਉਨ੍ਹਾਂ ਦੀ ਰਾਇ ਦੀ ਕਦਰ ਕਰਦਾ ਹੈ। ਉਹ ਰਾਜਾ

ਅਖੰਡ ਰਾਜ ਭੋਗਦਾ ਹੈ। ਉਸ ਦੇ ਰਾਜ ਵਿਚ ਕਦੇ ਬਗ਼ਾਵਤ ਜਾਂ ਰੋਸ ਮੁਜ਼ਾਹਿਰੇ ਨਹੀਂ ਹੁੰਦੇ। ਇਸ ਪੱਖੋਂ ਵੇਖੀਏ ਤਾਂ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਇਕ ਆਦਰਸ਼ਕ ਰਾਜ ਸੀ ਜਿਸ ਵਿਚ ਧਰਮ ਦਾ ਤੇ ਪਰਜਾ ਦਾ ਪੂਰਾ ਖ਼ਿਆਲ ਰੱਖਿਆ ਜਾਂਦਾ ਸੀ। ਗੁਰੂ ਸਾਹਿਬ ਦਾ ਫ਼ੁਰਮਾਨ ਹੈ:

*ਰਾਜਾ ਤਖਤਿ ਟਿਕੈ ਗੁਣੀ ਭੈ ਪੰਚਾਇਣ ਰਤੁ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੯੨)*

*ਤਖਤਿ ਬਹੈ ਤਖਤੈ ਕੀ ਲਾਇਕ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੦੩੯)*

ਇਕ ਸਫਲ ਰਾਜੇ ਨੂੰ ਹਮੇਸ਼ਾ ਆਪਣੀ ਪਰਜਾ ਨਾਲ ਇਨਸਾਫ਼ ਕਰਨਾ ਚਾਹੀਦਾ ਹੈ, ਕਿਸੇ ਨਾਲ ਬੇ-ਇਨਸਾਫ਼ੀ ਕਰ ਕੇ ਦੁੱਖ ਨਹੀਂ ਦੇਣਾ ਚਾਹੀਦਾ। ਨਿਆਂ ਕਰਨਾ ਹੀ ਰਾਜੇ ਦਾ ਮੁਖ ਫ਼ਰਜ਼ ਹੈ। ਆਪਣੇ ਬਚਨ ਦਾ ਪੂਰਾ ਪੱਕਾ ਹੋਣਾ ਰਾਜੇ ਦਾ ਸਦਗੁਣ ਹੀ ਨਹੀਂ, ਸਗੋਂ ਇਹੋ ਉਸ ਦਾ ਸਭ ਤੋਂ ਵੱਡਾ ਗੁਣ ਹੈ। ਇਹੋ ਹੀ ਉਸ ਦਾ ਰਾਜ-ਧਰਮ ਹੈ। ਉਸ ਕੋਲ ਸ਼ਕਤੀ ਹੁੰਦੀ ਹੈ। ਸ਼ਕਤੀ ਦੀ ਸਹੀ ਵਰਤੋਂ ਨਿਆਂ ਦੇ ਰੂਪ ਵਿਚ ਹੀ ਕਰ ਸਕਦਾ ਹੈ। ਉਸ ਨੂੰ ਚਾਹੀਦਾ ਹੈ ਕਿ ਉਹ ਦੋਸ਼ੀਆਂ ਨੂੰ ਦੰਡ ਦੇਵੇ ਤੇ ਮਜ਼ਲੂਮਾਂ ਨੂੰ ਉਨ੍ਹਾਂ ਦਾ ਹੱਕ ਦਿਵਾਏ ਅਤੇ ਜਾਨ ਮਾਲ ਦੀ ਰਾਖੀ ਕਰੇ। ਉਸ ਦੇ ਰਾਜ ਵਿਚ ਸ਼ੇਰ ਬੱਕਰੀ ਇੱਕੋ ਘਾਟ ਪਾਣੀ ਪੀ ਸਕਦੇ ਹੋਣ, ਕਿਸੇ ਨੂੰ ਕਿਸੇ ਦਾ ਡਰ ਭੈ ਨਾ ਹੋਵੇ। ਨਿਆਂਕਾਰੀ ਰਾਜਾ ਹੀ ਲੋਕਾਂ ਦੇ ਸਤਿਕਾਰ ਦਾ ਪਾਤਰ ਬਣ ਸਕਦਾ ਹੈ। ਰਾਜਾ ਕੁਨਬਾ ਪਰਵਰ ਨਾ ਹੋਵੇ, ਸਗੋਂ ਰਾਜ ਦੀ ਸਮੁੱਚੀ ਜਨਤਾ ਹੀ ਉਸ ਦਾ ਪਰਵਾਰ ਹੋਵੇ। ਈਰਾਨ ਦੇ ਬਾਦਸ਼ਾਹ ਨੌਸ਼ੇਰਵਾਂ ਨੇ ਨਿਆਂ ਕਰਦਿਆਂ ਆਪਣੇ ਬੇਟੇ ਨੂੰ ਵੀ ਮੌਤ ਦੀ ਸਜ਼ਾ ਦੇ ਦਿੱਤੀ ਸੀ। ਲੋਕ-ਚੇਤਨਾ ਦੇ ਮਨਾਂ ਵਿਚ ਉਸ ਦੇ ਨਿਆਂ ਦੀ ਡੂੰਘੀ ਛਾਪ ਹੈ। ਉਸ ਨੇ ਬਾਅਦ ਵਿਚ ਰਾਜ ਦਾ ਤਿਆਗ ਕਰ ਦਿੱਤਾ ਸੀ। ਇਸ ਦੇ ਬਾਵਜੂਦ ਵੀ ਲੋਕਾਂ ਦੇ ਮਨਾਂ ਉੱਤੇ ਉਸ ਦਾ ਰਾਜ ਕਾਇਮ ਰਿਹਾ। ਸਾਰੀ ਦੁਨੀਆਂ ਉਸ ਦੇ ਗੁਣ ਗਾਉਂਦੀ ਹੈ। ਗੁਰਬਾਣੀ ਦਾ ਮਹਾਂਵਾਕ ਹੈ:

*ਨਿਹਕੰਟਕ ਰਾਜੁ ਭੁੰਚਿ ਤੂ ਗੁਰਮੁਖਿ ਸਚੁ ਕਮਾਈ ॥*
*ਸਚੈ ਤਖਤਿ ਬੈਠਾ ਨਿਆਉ ਕਰਿ ਸਤਸੰਗਤਿ ਮੇਲਿ ਮਿਲਾਈ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੦੮੭)*

*ਰਾਜੇ ਚੁਲੀ ਨਿਆਵ ਕੀ... ॥*

*(ਵਾਰ ਸਾਰੰਗ, ਮ: ੧, ਪੰਨਾ ੧੨੪੦)*

*ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ॥*
*ਜਿਨੀ ਸਚੁ ਪਛਾਣਿਆ ਸਚੁ ਰਾਜੇ ਸੇਈ॥*

*(ਵਾਰ ਮਾਰੂ ਮ: ੩, ਪੰਨਾ ੧੦੮੮)*

*ਗਿਆਨ ਰਤਨਾਵਲੀ* ਅਨੁਸਾਰ ਬਾਬਰ ਨੂੰ ਗੁਰੂ ਜੀ ਨੇ ਉਪਦੇਸ਼ ਕੀਤਾ ਸੀ :

*"ਧਰਮ ਦਾ ਨਿਆਉਂ ਕਰਨਾ, ਬਜ਼ੁਰਗਾਂ ਦੀ ਖ਼ਿਦਮਤ ਕਰਨੀ, ਗ਼ਰੀਬਾਂ ਨਾਲ ਵੰਡ ਖਾਣਾ, ਅਰ ਖ਼ੁਦਾਇ ਦੀ ਬੰਦਗੀ ਕਰਨੀ ਤਾਂ ਤੁਹਾਡਾ ਰਾਜ ਥਿਰ ਰਹੇਗਾ।"*

*ਪ੍ਰੇਮ ਸੁਮਾਰਗ ਗ੍ਰੰਥ* ਵਿਚ ਇਕ ਆਦਰਸ਼ਕ ਰਾਜੇ ਦੇ ਆਚਾਰ ਵਿਹਾਰ ਬਾਰੇ ਵਿਸਤਾਰ ਨਾਲ ਵਰਣਨ ਕੀਤਾ ਗਿਆ ਹੈ:

*"ਰਾਜੇ ਕੋ ਚਾਹੀਐ ਜੋ ਨਿਆਉਂ ਸਮਝ ਕਰ ਭੈ ਸਾਥ ਕਰੈ। ਕੋਈ ਇਸਕੈ ਰਾਜ ਮੈ ਦੁਖਿਤ ਨ ਹੋਇ। ਰਾਜੇ ਕੋ ਚਾਹੀਐ ਜੋ ਆਪਨੇ ਉੱਪਰ ਭੀ ਨਿਆਉ ਕਰੇ। ਗੁਰਮੁਖੀ ਵਿਦਿਆ ਦਾ ਪ੍ਰਕਾਸ਼ ਅਰ ਹੋਰ ਵਿਦਿਆ ਕੀ ਤਾਕ ਦਿਦ ਰਹੈ ਜੋ ਖ਼ਾਲਸੇ ਸ੍ਰੀ ਅਕਾਲ ਪੁਰਖ ਕੇ ਸਿਖ ਲੜਕੇ ਲੜਕੀਆਂ ਕੀ ਪੜ੍ਹਾਈ ਕਾ ਪ੍ਰਬੰਧ ਕਰੇ।" "ਰਾਜੇ ਕੋ ਚਾਹੀਐ ਜੋ ਬਿਨਾਂ ਕਿਰਤ ਰੋਜ਼ਗਾਰ ਕੋਈ ਪ੍ਰਾਣੀ ਨਾ ਰਹੈ, ਖਬਰ ਪਰਜਾ ਕੀ ਲੇਤਾ ਰਹੈ। ਰਾਜਾ ਇਸ ਬਾਤ ਕੋ ਸਿਰਜਿਆ ਹੈ, ਜੋ ਬੰਦੋਬਸਤ ਪਰਜਾ ਦੀ ਭਲੀ-ਭਾਂਤ ਕਰੈ, ਪਰਜਾ ਸੁਖੀ ਰਹੈ।"*

*"ਜਬ ਇਹ ਪ੍ਰਾਣੀ ਨਿਆਉਂ ਕਿਸੀ ਕਾ ਕਰਨ ਬੈਠੇ ਤਬ ਆਪਣਾ ਧਰਮ ਆਪਣੇ ਸਿਰ ਪਰ ਰਖ ਕੈ ਚੁਕਾਵੈ ਅਰ ਜੋ ਕਦਾਂਚ ਅਪਨੇ ਲੋਭ ਕੇ ਵਾਸਤੇ ਦੇਖਾ-ਦੇਖੀ ਅਥਵਾ ਆਪਣੇ ਪੰਥ ਕੀ ਰਿਆਇਤ ਕੇ ਵਾਸਤੇ ਕਿਸੀ ਕਾ ਅੰਸ਼ ਖੋਵੈਗਾ, ਉਹ ਅੰਤ ਕਾਲ ਭਾਰੀ ਸਜਾਇ ਪਾਵੈਗਾ।"*

ਰਾਜਨੀਤੀ ਦੀ ਵੀ ਇਕ ਮਰਿਆਦਾ ਨਿਸ਼ਚਿਤ ਹੈ। ਇਹ ਮਰਿਆਦਾ ਕਦੇ ਭੰਗ ਨਹੀਂ ਕਰਨੀ ਚਾਹੀਦੀ। ਰਾਜਨੀਤੀ ਦਾ ਅਰਥ ਜਾਇਜ਼ ਨਾਜਾਇਜ਼

ਢੰਗ ਨਾਲ, ਧੋਖਾ ਫ਼ਰੇਬ ਜਾਂ ਪੈਸੇ ਦੇ ਜ਼ੋਰ ਨਾਲ ਸੱਤਾ ਹਾਸਲ ਕਰਨਾ ਨਹੀਂ ਹੈ। ਰਾਜਨੀਤੀ ਦਾ ਅਰਥ ਹੈ ਰਾਜੇ ਦਾ ਪਰਜਾ ਨਾਲ ਕਿਹੋ ਜਿਹਾ ਵਰਤਾਉ ਹੈ, ਕੀ ਉਹ ਪਰਜਾ ਨੂੰ ਆਪਣਾ ਪੁੱਤਰ ਰੂਪ ਸਮਝ ਕੇ ਉਨ੍ਹਾਂ ਦੇ ਹਿਤ ਦੀ ਲੋਚਾ ਕਰਦਾ ਹੈ ਜਾਂ ਨਹੀਂ? ਇਸੇ ਤਰ੍ਹਾਂ ਪਰਜਾ ਦਾ ਫ਼ਰਜ਼ ਹੈ ਕਿ ਉਹ ਰਾਜਾ ਨੂੰ ਪਿਤਾ ਰੂਪ ਜਾਣ ਕੇ ਉਸ ਦੀ ਆਗਿਆ ਦਾ ਪਾਲਣ ਕਰੇ। ਇਸ ਤਰ੍ਹਾਂ ਦੇ ਰਾਜ ਨੂੰ ਸ੍ਰੇਸ਼ਟ ਰਾਜ ਮੰਨਿਆ ਗਿਆ ਹੈ। ਇਸ ਵਿਚ ਰਾਜਾ ਤੇ ਪਰਜਾ ਦੋਵੇਂ ਸੁਖੀ ਹੁੰਦੇ ਹਨ, ਇਕ ਦੂਜੇ ਦੇ ਸ਼ੁਭ ਚਿੰਤਕ ਹੁੰਦੇ ਹਨ। ਅਜਿਹੇ ਰਾਜ ਬਾਰੇ ਭਾਈ ਗੁਰਦਾਸ ਜੀ ਨੇ ਲਿਖਿਆ ਹੈ:

*ਜੈਸੇ ਰਾਜਨੀਤਿ ਰੀਤਿ ਚਕ੍ਰਵੈ ਚੈਤੰਨ ਰੂਪ,*
*ਤਾ ਤੇ ਨਿਹਚਿੰਤ ਨਿਰਭੈ ਬਸਤ ਲੋਗ ਜੀ।*

*(ਕਬਿਤ ੩੫੪)*

*ਜੈਸੇ ਰਾਜਾ ਧਰਮ ਸਰੂਪ ਰਾਜਨੀਤਿ ਬਿਖੈ,*
*ਤਾ ਕੇ ਦੇਸ ਪਰਜਾ ਬਸਤ ਸੁਖ ਪਾਇ ਕੈ।*

*(ਕਬਿਤ ੪੧੮)*

ਪਰਮਾਤਮਾ ਤੋਂ ਬਾਅਦ ਸੰਤ ਉਸ ਦਾ ਪ੍ਰਤੱਖ ਰੂਪ ਹੁੰਦੇ ਹਨ। ਸੰਤਾਂ ਤੋਂ ਬਾਅਦ ਰਾਜਾ ਸ਼ਕਤੀ ਦਾ ਮਾਲਕ ਹੁੰਦਾ ਹੈ। ਇਸ ਧਰਤੀ 'ਤੇ ਉਸ ਦਾ ਹੁਕਮ ਚੱਲਦਾ ਹੈ। ਪਰਜਾ ਉਸ ਦੇ ਅਧੀਨ ਹੁੰਦੀ ਹੈ। ਰਾਜੇ ਦਾ ਫ਼ਰਜ਼ ਹੈ ਕਿ ਪਰਜਾ ਨੂੰ ਦੁੱਖ ਨਾ ਦੇਵੇ। ਖ਼ਲਕ ਦਾ ਅਸਲ ਮਾਲਕ ਪਰਮਾਤਮਾ ਹੈ। ਜੇ ਪਰਜਾ ਨੂੰ ਕੋਈ ਦੁੱਖ ਹੁੰਦਾ ਹੈ ਤਾਂ ਪਰਮਾਤਮਾ ਉਸ ਦੀ ਰੱਖਿਆ ਕਰਦਾ ਹੈ। ਭਾਈ ਨੰਦ ਲਾਲ ਜੀ ਨੇ ਲਿਖਿਆ ਹੈ:

ਖਲਕ ਖਾਲਕ ਕੀ ਜਾਨ ਕੈ, ਖਲਕ ਦੁਖਾਵਹਿ ਨਾਹਿ।
ਖਲਕ ਦੁਖਹਿ ਨੰਦ ਲਾਲ ਜੀ, ਖਾਲਕ ਕੋਪਹਿੰ ਤਾਂਹਿ ॥੨੯॥

*(ਤਨਖਾਹਨਾਮਾ, ਭਾਈ ਨੰਦ ਲਾਲ ਜੀ)*

ਗੁਰਬਾਣੀ ਵਿਚ ਅਜਿਹੇ ਰਾਜ ਦੀ ਕਲਪਣਾ ਕੀਤੀ ਗਈ ਹੈ ਜਿਥੇ ਰਾਜਾ ਤੇ ਪਰਜਾ ਪਰਮਾਤਮਾ ਦੇ ਭੈ ਵਿਚ ਰਹਿ ਕੇ ਕਾਰਜ ਕਰਦੇ ਹਨ। ਅਜਿਹੇ ਰਾਜ ਵਿਚ ਹਰ ਕੋਈ ਸੁਖੀ ਰਹਿੰਦਾ ਹੈ। ਰਾਜਾ ਅਤੇ ਪਰਜਾ ਦੋਵੇਂ ਇਕ ਦੂਜੇ ਦੇ ਪੂਰਕ ਹਨ। ਅਜਿਹੇ ਰਾਜ ਨੂੰ ਗੁਰੂ ਸਾਹਿਬ ਨੇ ਹਲੇਮੀ ਰਾਜ ਕਿਹਾ ਹੈ। ਫ਼ੁਰਮਾਇਆ ਹੈ:

*ਹੁਣਿ ਹੁਕਮੁ ਹੋਆ ਮਿਹਰਵਾਣ ਦਾ ॥*
*ਪੈ ਕੋਇ ਨ ਕਿਸੈ ਰਞਾਣਦਾ ॥*
*ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੭੪)*

ਭਾਰਤੀ ਦਰਸ਼ਨ ਵਿਚ ਜੀਵਨ ਦੇ ਚਾਰ ਪਦਾਰਥ ਮੁੱਖ ਮੰਨੇ ਗਏ ਹਨ। ਇਹ ਹਨ ਧਰਮ, ਅਰਥ, ਕਾਮ ਅਤੇ ਮੋਖ। ਇਨ੍ਹਾਂ ਵਿੱਚੋਂ ਮੋਖ ਨਿਰੋਲ ਵਿਅਕਤੀ ਦੀ ਅੰਤਰ-ਆਤਮਾ ਤਕ ਸੀਮਤ ਹੈ। ਕਾਮ ਪਦਾਰਥ ਵਿਚ ਦੋ ਪ੍ਰਾਣੀਆਂ ਦੀਆਂ ਕਾਮ ਚੇਸ਼ਟਾਵਾਂ ਦੀ ਪੂਰਤੀ ਅਤੇ ਦੋਹਾਂ ਦੀਆਂ ਭਾਵਨਾਵਾਂ ਦਾ ਆਦਾਨ ਪ੍ਰਦਾਨ ਹੁੰਦਾ ਹੈ। ਲੋਕ-ਜੀਵਨ ਦੇ ਵਧੇਰੇ ਮਹੱਤਵਪੂਰਨ ਪਦਾਰਥ ਧਰਮ ਅਤੇ ਅਰਥ ਹਨ, ਜਿਹੜੇ ਕਿਸੇ ਮਨੁੱਖ ਦੇ ਜੀਵਨ ਨੂੰ ਸਫਲ ਬਣਾਉਣ ਵਿਚ ਵੱਡਮੁੱਲਾ ਯੋਗਦਾਨ ਪਾਉਂਦੇ ਹਨ। ਧਰਮ ਆਪਣੇ ਆਪ ਵਿਚ ਇਕ ਮੁਕੰਮਲ ਪਦਾਰਥ ਹੈ ਜਦੋਂ ਕਿ ਰਾਜਨੀਤੀ ਅਰਥ ਪਦਾਰਥ ਪ੍ਰਦਾਨ ਕਰਨ ਦਾ ਪ੍ਰਮੁੱਖ ਅੰਗ ਹੈ।

ਤਾਮਿਲ ਦੇ ਇਕ ਪੁਰਾਤਨ ਮਹਾਂਰਿਸ਼ੀ ਤੀਰੁਵਲੂਵਰ ਨੇ ਤੀਰੂ ਕੁਰਲ ਨਾਂ ਦਾ ਇਕ ਗ੍ਰੰਥ ਲਿਖਿਆ ਹੈ। ਇਸ ਵਿਚ ਉਸ ਨੇ ਧਰਮ ਅਤੇ ਅਰਥ ਦੇ ਭਾਗ ਵਿਚ ਰਾਜਨੀਤੀ ਦਾ ਵਿਸਤਾਰ ਸਹਿਤ ਵਰਣਨ ਕੀਤਾ ਹੈ। ਧਰਮ ਅਤੇ ਅਰਥ ਦਾ ਵਰਣਨ ਇਸ ਗ੍ਰੰਥ ਦਾ ਮੁੱਖ ਭਾਗ ਹੈ। ਉਸ ਨੇ ਇਸ ਵਿਚ ਮੋਖ ਪਦਾਰਥ ਨੂੰ ਸ਼ਾਮਲ ਹੀ ਨਹੀਂ ਕੀਤਾ ਅਤੇ ਕਾਮ ਦਾ ਬਹੁਤ ਥੋੜ੍ਹਾ ਵਰਣਨ ਕੀਤਾ ਹੈ। ਇਸ ਵਿਚ ਵੀ ਬਹੁਤ ਵਿਸ਼ੇਸ਼ਤਾ ਨਹੀਂ। ਧਰਮ ਅਤੇ ਅਰਥ ਦੇ ਸਬੰਧ ਵਿਚ ਉਸ ਨੇ ਬਹੁਤ ਉੱਚੇ ਗਿਆਨ ਭਰਪੂਰ ਵਿਚਾਰ ਦਿੱਤੇ ਹਨ। ਲੇਖਕ ਦੀ ਵਿਚਾਰਧਾਰਾ ਬਹੁਤ ਹੱਦ ਤਕ ਗੁਰਮਤਿ ਵਿਚਾਰਧਾਰਾ ਨਾਲ ਹੀ ਮਿਲਦੀ ਹੈ।

ਧਰਮ ਦੇ ਭਾਗ ਵਿਚ ਉਸ ਨੇ ਇਕ ਸਰਬ-ਵਿਆਪੀ ਪਰਮਾਤਮਾ ਦਾ ਗੁਣ-ਗਾਨ ਕਰਦਿਆਂ ਲਿਖਿਆ ਹੈ ਕਿ ਪਰਮਾਤਮਾ ਦਾ ਵਿਸ਼ਵਾਸ ਧਰਮ ਦਾ ਸਭ ਤੋਂ ਵੱਡਾ ਲੱਛਣ ਹੈ। ਉਹ ਗਿਆਨ-ਇੰਦਰੀਆਂ ਵਿਅਰਥ ਹਨ ਜੋ ਪਰਮਾਤਮਾ ਨੂੰ ਅਨੁਭਵ ਨਹੀਂ ਕਰਦੀਆਂ। ਉਹ ਸਿਰ ਵਿਅਰਥ ਹੈ ਜੋ ਉਸ ਪਰਮਾਤਮਾ ਅੱਗੇ ਝੁਕਦਾ ਨਹੀਂ। ਵਿਸ਼ੇ-ਵਿਕਾਰਾਂ ਦਾ ਤਿਆਗ ਕਰ ਕੇ ਸੰਜਮ ਧਾਰਨਾ ਹੀ ਧਰਮ ਹੈ। ਮਨੁੱਖ ਨੂੰ ਨੇਕ ਹੋਣਾ ਚਾਹੀਦਾ ਹੈ ਤੇ

ਉਸ ਵਿਚ ਤਿਆਗ ਦੀ ਭਾਵਨਾ ਵੀ ਹੋਣੀ ਚਾਹੀਦੀ ਹੈ। ਗ੍ਰਿਹਸਥ ਆਸ਼ਰਮ ਸਭ ਤੋਂ ਸ੍ਰੇਸ਼ਟ ਹੈ। ਜੋ ਵਿਅਕਤੀ ਸੱਚਾ ਸੁੱਚਾ ਪਰਿਵਾਰਕ ਜੀਵਨ ਬਤੀਤ ਕਰਦਾ ਹੈ ਉਹ ਧਰਮੀ ਹੈ। ਧਰਮੀ ਬੰਦਾ ਸਭ ਨਾਲ ਪ੍ਰੇਮ ਕਰਦਾ ਹੈ, ਮਿੱਠਾ ਬੋਲਦਾ ਹੈ ਤੇ ਆਏ ਮਹਿਮਾਨਾਂ ਦਾ ਸਤਿਕਾਰ ਕਰਦਾ ਹੈ। ਧਰਮੀ ਵਿਅਕਤੀ ਕਿਸੇ ਦੇ ਉਪਕਾਰ ਨੂੰ ਭੁਲਾਉਂਦਾ ਨਹੀਂ। ਉਹ ਆਤਮ ਸੰਜਮ ਰੱਖਦਾ ਹੈ ਤੇ ਪਰ ਨਾਰੀ ਦੀ ਲੋਚਾ ਨਹੀਂ ਕਰਦਾ। ਉਸ ਦੇ ਅੰਦਰ ਲੋਭ ਨਹੀਂ ਹੁੰਦਾ। ਉਹ ਪਾਪ ਕਰਨ ਤੋਂ ਡਰਦਾ ਹੈ। ਉਹ ਪਰਉਪਕਾਰੀ ਹੁੰਦਾ ਹੈ। ਉਹ ਆਪਣੀ ਕਮਾਈ ਵਿੱਚੋਂ ਦਾਨ ਵੀ ਦਿੰਦਾ ਹੈ ਤੇ ਉਸ ਵਿਚ ਦਯਾ ਦੀ ਭਾਵਨਾ ਵੀ ਹੋਣੀ ਚਾਹੀਦੀ ਹੈ। ਧਾਰਮਿਕ ਵਿਅਕਤੀ ਮਾਸਾਹਾਰੀ ਨਹੀਂ ਹੋ ਸਕਦਾ। ਉਸ ਦਾ ਜੀਵਨ ਸੱਚਾ ਸੁੱਚਾ ਹੁੰਦਾ ਹੈ।

ਅਰਥ ਦੇ ਭਾਗ ਵਿਚ ਇਸ ਗ੍ਰੰਥ ਦੇ ਰਚੈਤਾ ਨੇ ਇਕ ਰਾਜੇ ਦੇ ਗੁਣਾਂ ਦਾ ਵੀ ਵਰਣਨ ਕੀਤਾ ਹੈ। ਰਾਜੇ ਵਿਚ ਇਨ੍ਹਾਂ ਚਾਰ ਗੁਣਾਂ ਦੀ ਕਮੀ ਨਹੀਂ ਹੋਣੀ ਚਾਹੀਦੀ। ਇਹ ਹਨ ਹੌਂਸਲਾ, ਖੁੱਲ੍ਹਦਿਲੀ, ਠੀਕ ਨਿਰਣਾ ਲੈਣ ਦੀ ਯੋਗਤਾ ਅਤੇ ਕੰਮ ਕਰਨ ਦੀ ਸ਼ਕਤੀ। ਰਾਜੇ ਨੂੰ ਨੇਕੀ ਦਾ ਪੱਲਾ ਕਦੇ ਨਹੀਂ ਛੱਡਣਾ ਚਾਹੀਦਾ ਤੇ ਕਿਸੇ ਨਾਲ ਧੱਕਾ ਨਹੀਂ ਕਰਨਾ ਜਾਂ ਹੋਣ ਦੇਣਾ ਚਾਹੀਦਾ। ਜਿਹੜਾ ਰਾਜਾ ਲੋਕਾਂ ਦੀ ਪਹੁੰਚ ਵਿਚ ਰਹਿੰਦਾ ਹੈ ਤੇ ਕਿਸੇ ਨੂੰ ਰੁੱਖਾ ਨਹੀਂ ਬੋਲਦਾ, ਉਸ ਦੇ ਰਾਜ ਦੀ ਸ਼ੋਭਾ ਸਭ ਤੋਂ ਵੱਧ ਹੋਵੇਗੀ। ਜਿਹੜਾ ਰਾਜਾ ਨਿਰਪੱਖ ਰਹਿੰਦਾ ਹੈ ਤੇ ਪਰਜਾ ਦੇ ਹਿਤਾਂ ਦੀ ਰਾਖੀ ਕਰਦਾ ਹੈ, ਉਸ ਨੂੰ ਲੋਕ ਰੱਬ ਵਾਂਗ ਸਮਝਦੇ ਅਤੇ ਪੂਜਦੇ ਹਨ। ਜਿਹੜਾ ਰਾਜਾ ਆਪਣੀ ਸ਼ਕਤੀ ਅਨੁਸਾਰ ਜੰਗ ਕਰਦਾ ਹੈ ਉਹ ਕਦੇ ਹਾਰਦਾ ਨਹੀਂ। ਰਾਜੇ ਦੀ ਜਿੱਤ ਕਦੇ ਬਰਛਿਆਂ ਨਾਲ ਨਹੀਂ ਹੁੰਦੀ, ਇਹ ਉਸ ਦੇ ਰਾਜ-ਦੰਡ (ਲੱਠ) ਕਰਕੇ ਹੁੰਦੀ ਹੈ। ਜੋ ਸਿੱਧਾ ਰਹਿੰਦਾ ਹੈ, ਇਕ ਪਾਸੇ ਨਹੀਂ ਝੁਕਦਾ। ਰਾਜਾ ਜੇ ਕਿਸੇ ਬੁਰੇ ਬੰਦੇ ਨੂੰ ਸਜ਼ਾ ਦਿੰਦਾ ਹੈ ਤਾਂ ਇਹ ਉਸ ਦਾ ਫ਼ਰਜ਼ ਹੈ, ਦੋਸ਼ ਨਹੀਂ ਹੈ। ਸ਼ੈਤਾਨ ਨੂੰ ਮੌਤ ਦੀ ਸਜ਼ਾ ਦੇਣੀ ਖੇਤ ਵਿੱਚੋਂ ਕਬਾੜ ਕੱਢਣ ਦੇ ਸਮਾਨ ਹੁੰਦਾ ਹੈ। ਜਿਹੜਾ ਰਾਜਾ ਆਪਣੀ ਪਰਜਾ 'ਤੇ ਜ਼ੁਲਮ ਕਰਦਾ ਹੈ ਉਹ ਕਾਤਿਲ ਨਾਲੋਂ ਵੀ ਭੈੜਾ ਹੁੰਦਾ ਹੈ। ਰਾਜੇ ਨੂੰ ਅਜਿਹੇ ਜ਼ੁਲਮ ਤੋਂ ਬਚਣਾ ਚਾਹੀਦਾ ਹੈ ਜਿਸ ਨਾਲ ਲੋਕਾਂ ਵਿਚ ਹਾਹਾਕਾਰ ਮੱਚ ਜਾਵੇ। ਜਿਹੜਾ ਰਾਜਾ ਇਹ ਚਾਹੁੰਦਾ ਹੈ ਕਿ ਉਸ ਦੀ ਸ਼ਕਤੀ ਬਣੀ ਰਹੇ, ਉਹ ਡੰਡਾ ਤੇਜ਼ੀ ਨਾਲ ਘੁਮਾਉਂਦਾ

ਤਾਂ ਹੈ ਪਰ ਮਾਰਦਾ ਹੈ ਹਲਕਾ ਜਿਹਾ। ਆਪਣੇ ਦੋਸਤਾਂ ਨੂੰ ਖ਼ੁਸ਼ ਕਰਨ ਹਿਤ ਇਵਜ਼ਾਨਾ ਦੇਣ ਤੋਂ ਵੀ ਤੇਜ਼ੀ ਨਾਲ ਆਪਣੇ ਦੁਸ਼ਮਣਾਂ ਨੂੰ ਦੋਸਤ ਬਣਾਉਂਦਾ ਹੈ। ਰਾਜੇ ਨੂੰ ਕਦੇ ਅਧਿਆਤਮ ਬਲ ਵਾਲੇ ਬੰਦਿਆਂ ਨੂੰ ਨਰਾਜ਼ ਨਹੀਂ ਕਰਨਾ ਚਾਹੀਦਾ।

ਰਾਜੇ ਦੇ ਸਾਹਮਣੇ ਰਹਿਣ ਵਾਲੇ ਬੰਦਿਆਂ ਨੂੰ ਨਾ ਉਸ ਦੇ ਬਹੁਤ ਨੇੜੇ ਜਾਣਾ ਚਾਹੀਦਾ ਹੈ ਨਾ ਦੂਰ ਰਹਿਣਾ ਚਾਹੀਦਾ ਹੈ। ਉਸ ਦੇ ਸਾਹਮਣੇ ਕਿਸੇ ਨਾਲ ਕਾਨਾਫੂਸੀ ਨਹੀਂ ਕਰਨੀ ਚਾਹੀਦੀ ਤੇ ਨਾ ਹੀ ਕਿਸੇ ਹੋਰ ਵੱਲ ਵੇਖ ਕੇ ਮੁਸਕਰਾਉਣਾ ਚਾਹੀਦੈ। ਰਾਜੇ ਦੀ ਕਿਸੇ ਹੋਰ ਨਾਲ ਗੱਲਬਾਤ ਨੂੰ ਸੁਣਨ ਦਾ ਯਤਨ ਨਾ ਕਰੇ।

ਉਪਰੋਕਤ ਗੁਣਾਂ ਦੇ ਸੰਜੋਗ ਨੂੰ ਹੀ ਅਸੀਂ ਧਰਮ ਤੇ ਰਾਜਨੀਤੀ ਦਾ ਆਦਰਸ਼ ਰੂਪ ਕਹਿ ਸਕਦੇ ਹਾਂ। ਇਨ੍ਹਾਂ ਆਦਰਸ਼ਕ ਗੁਣਾਂ ਤੋਂ ਬਿਨਾਂ ਧਰਮ ਤੇ ਰਾਜਨੀਤੀ ਦਾ ਸੰਬੰਧ ਇਕ ਪਾਖੰਡ ਬਣ ਕੇ ਰਹਿ ਜਾਂਦਾ ਹੈ। ਜਿਹੜੇ ਲੋਕ ਰਾਜਨੀਤਕ ਸ਼ਕਤੀ ਪ੍ਰਾਪਤ ਕਰਨ ਲਈ ਧਰਮ ਦਾ ਬੁਰਕਾ ਪਹਿਨਦੇ ਹਨ, ਉਹ ਨਾ ਤਾਂ ਧਾਰਮਿਕ ਹੁੰਦੇ ਹਨ ਤੇ ਨਾ ਹੀ ਉਹ ਇਕ ਚੰਗੇ ਰਾਜਨੀਤਕ ਸਾਬਤ ਹੁੰਦੇ ਹਨ। ਅਸਲ ਵਿਚ ਇਹ ਗੁਣ ਹੀ ਹੁੰਦੇ ਹਨ ਜਿਹੜੇ ਧਰਮ ਅਤੇ ਰਾਜਨੀਤੀ ਦਾ ਤਾਲਮੇਲ ਸਥਾਪਤ ਕਰਦੇ ਹਨ। ਇਕ ਰਾਜੇ ਦੇ ਚੰਗੇ ਗੁਣਾਂ ਨੂੰ ਧਾਰਨ ਕਰਨ ਵਾਲਾ ਰਾਜਾ ਹੀ ਧਾਰਮਿਕ ਹੋ ਸਕਦਾ ਹੈ, ਜਿਵੇਂ ਕਿ ਮਹਾਰਾਜਾ ਰਣਜੀਤ ਸਿੰਘ ਸੀ। ਇਕ ਧਾਰਮਿਕ ਗੁਣਾਂ ਵਾਲਾ ਵਿਅਕਤੀ ਬਾਦਸ਼ਾਹਾਂ ਤੋਂ ਵੀ ਮਹਾਨ ਹੋ ਸਕਦਾ ਹੈ, ਜਿਵੇਂ ਕਿ ਬਾਬਾ ਬੰਦਾ ਸਿੰਘ ਬਹਾਦਰ ਅਤੇ ਭਾਈ ਮਹਾਰਾਜ ਸਿੰਘ ਸਨ।

ਰਾਜਨੀਤੀ ਬਿਨਾਂ ਧਰਮ ਦੁਨੀਆ ਤੋਂ ਦੂਰ ਹੋ ਕੇ ਕੋਈ ਉਪਯੋਗੀ ਯੋਗਦਾਨ ਪਾਉਣ ਯੋਗ ਨਹੀਂ ਰਹਿੰਦਾ। ਸਿੱਧਾਂ, ਜੋਗੀਆਂ, ਨਾਥਾਂ ਵਾਂਗ ਇਹ ਆਪਣੇ ਹੀ ਸਰੀਰ ਦੀਆਂ ਬਹੱਤਰ ਹਜ਼ਾਰ ਨਾੜੀਆਂ ਵਿਚ ਘੁੰਮਦਾ ਕੁੰਡਲੀ ਜਗਾਉਣ ਦੇ ਚੱਕਰਾਂ ਵਿਚ ਹੀ ਪਿਆ ਰਹਿੰਦਾ ਹੈ। ਧਰਮ ਤੋਂ ਬਿਨਾਂ ਰਾਜਨੀਤੀ ਗੁਡਿਆਂ ਦੀ ਖੇਡ ਬਣ ਕੇ ਰਹਿ ਜਾਂਦੀ ਹੈ ਅਤੇ ਇਹ ਜ਼ੁਲਮ ਤੇ ਸਿਤਮ ਦਾ ਨੰਗਾ ਨਾਚ ਨੱਚਣ ਲੱਗ ਜਾਂਦੀ ਹੈ। ਅਲਾਮਾ ਇਕਬਾਲ ਨੇ ਲਿਖਿਆ ਹੈ:

ਜਲਾਲ-ਏ-ਪਾਦਸ਼ਾਹੀ ਹੋ ਕਿ ਜਮਹੂਰੀ ਤਮਾਸ਼ਾ ਹੋ।
ਜੁਦਾ ਹੋ ਦੀਂ ਸਿਆਸਤ ਸੇ ਤੋ ਰਹਿ ਜਾਤੀ ਹੈ ਚੰਗੇਜ਼ੀ।

ਧਰਮ ਤੇ ਰਾਜਨੀਤੀ ਬਾਰੇ ਭਾਰਤੀ ਅਤੇ ਪੱਛਮੀ ਦੋਵੇਂ ਭੂ-ਭਾਗਾਂ ਦੇ ਵਿਦਵਾਨਾਂ ਨੇ ਸਮੇਂ ਸਮੇਂ ਆਪਣੇ ਵਿਚਾਰ ਪ੍ਰਗਟ ਕੀਤੇ ਹਨ। ਮਨੂ ਸਿਮਰਤੀ ਅਨੁਸਾਰ ਇਹ ਮੰਨਿਆ ਗਿਆ ਹੈ ਕਿ ਰਾਜੇ ਦੀ ਰਚਨਾ ਖ਼ੁਦ ਪਰਮ ਪਿਤਾ ਪਰਮਾਤਮਾ ਨੇ ਕੀਤੀ। ਪਰਮਾਤਮਾ ਨੇ ਇਹ ਵੇਖਿਆ ਕਿ ਸਰਕਾਰ ਤੋਂ ਬਿਨਾਂ ਲੋਕ ਡਰ ਕਰਕੇ ਬੇਚੈਨ ਹਨ। ਇਸ ਲਈ ਲੋਕਾਂ ਨੂੰ ਸੁਰੱਖਿਆ ਪ੍ਰਦਾਨ ਕਰਨ ਹਿਤ ਉਸ ਪਰਮ ਸ਼ਕਤੀ ਨੇ ਰਾਜੇ ਨੂੰ ਹੋਂਦ ਵਿਚ ਲਿਆਂਦਾ। ਪੁਰਾਣਾਂ ਵਿਚ ਵੀ ਰਾਜ ਨੂੰ ਰੱਬੀ-ਹੁਕਮ ਵਿਚ ਪੈਦਾ ਹੋਈ ਸੰਸਥਾ ਮੰਨਿਆ ਗਿਆ। ਵਿਆਕੁਲ ਅਤੇ ਦੁਰਬਲ ਲੋਕਾਂ ਨੂੰ ਸਹਾਰਾ ਦੇਣ ਲਈ ਬ੍ਰਹਮਾ ਜੀ ਨੇ ਰਾਜ ਦੀ ਸਥਾਪਨਾ ਕੀਤੀ। ਕੌਟਲਯਾ ਦੇ ਅਰਥ ਸ਼ਾਸਤਰ ਵਿਚ ਵੀ ਰਾਜ ਨੂੰ ਅਧਿਆਤਮਕ ਆਗਿਆ ਪ੍ਰਾਪਤ ਹੈ ਅਤੇ ਰਾਜੇ ਦੀ ਪਦਵੀ ਨੂੰ ਦੇਵਤਿਆਂ ਦੇ ਬਰਾਬਰ ਮੰਨਿਆ ਗਿਆ ਹੈ। ਰਾਜ ਦੀ ਸੱਤਾ ਨੂੰ ਇਸ ਅਧਾਰ 'ਤੇ ਸਹੀ ਸਿੱਧ ਕੀਤਾ ਹੈ ਕਿ ਰਾਜ-ਲੋਕਾਂ ਅਤੇ ਰਾਜੇ ਵਿਚਕਾਰ ਹੋਏ ਸਮਝੌਤੇ 'ਤੇ ਨਿਰਭਰ ਕਰਦਾ ਹੈ ਜੋ ਦੇਵਤਿਆਂ ਦੇ ਕਹਿਣ 'ਤੇ ਕੀਤਾ ਗਿਆ।

ਕੌਟਲਯਾ ਦੇ ਅਰਥ ਸ਼ਾਸਤਰ ਅਨੁਸਾਰ ਧਰਮ ਅਨੁਸਾਰ ਰਾਜ ਕਰਨਾ ਰਾਜੇ ਦਾ ਨਿਜੀ ਧਰਮ ਹੈ ਅਤੇ ਇਸੇ ਨਾਲ ਉਹ ਸਵਰਗ ਦਾ ਅਨੰਦ ਮਾਣਦਾ ਹੈ। ਪਰ ਇਸ ਦੇ ਵਿਪਰੀਤ ਜੇ ਰਾਜਾ ਪਰਜਾ ਦੀ ਰੱਖਿਆ ਨਾ ਕਰੇ ਅਤੇ ਦੁੱਖ ਦੇਵੇ ਤਾਂ ਉਹ ਰਾਜਾ ਕਦੇ ਸੁਖੀ ਨਹੀਂ ਹੋ ਸਕਦਾ। ਸ਼ੁਕਰਨੀਤੀ ਅਨੁਸਾਰ ਜਿਹੜਾ ਰਾਜਾ ਨਗਰ ਅਤੇ ਨਾਗਰਿਕਾਂ ਸਬੰਧੀ ਆਪਣੀਆਂ ਜ਼ਿੰਮੇਵਾਰੀਆਂ ਨਹੀਂ ਨਿਭਾਹੁੰਦਾ, ਉਹ ਨਰਕ ਦਾ ਭਾਗੀ ਹੁੰਦਾ ਹੈ।

ਜਰਮਨ ਫ਼ਿਲਾਸਫ਼ਰ ਨਿਕੋਲੋ ਮੈਕਿਆਵਲੀ (੧੪੬੯-੧੫੨੭) ਪਹਿਲਾ ਵਿਅਕਤੀ ਸੀ ਜਿਸ ਨੇ ਕਿਹਾ ਕਿ ਭਾਵੇਂ ਕੋਈ ਰਾਜਤੰਤਰ ਹੈ ਜਾਂ ਜਨਤੰਤਰ, ਜਿਨ੍ਹਾਂ ਸ਼ਕਤੀਆਂ 'ਤੇ ਲੋਕਾਂ ਦਾ ਅਧਿਕਾਰ ਹੁੰਦਾ ਹੈ ਉਸ ਰਾਜ ਵਿਚ ਰਾਜੇ ਨੂੰ ਦਿਖਣ ਵਿਚ ਪੂਰਾ ਸੱਚਾ ਸੁੱਚਾ ਨੇਕ, ਮਨੁੱਖਤਾ ਦਾ ਪ੍ਰੇਮੀ ਤੇ ਧਾਰਮਿਕ ਭਾਵਨਾਵਾਂ ਨਾਲ ਭਰਪੂਰ ਹੋਣਾ ਚਾਹੀਦਾ ਹੈ, ਪਰ ਉਸ ਦਾ ਆਪਣੇ ਮਨ 'ਤੇ ਇੰਨਾ ਨਿਯੰਤਰਣ ਹੋਣਾ ਚਾਹੀਦਾ ਹੈ ਕਿ ਜਦੋਂ ਰਾਜ ਦੀ ਸੁਰੱਖਿਆ ਜ਼ਰੂਰੀ ਹੋਵੇ ਤਾਂ ਇਨ੍ਹਾਂ ਤੋਂ ਮੁਕਤ ਹੋ ਕੇ ਕਾਰਜ ਕਰ ਸਕੇ। ਮੈਕਿਆਵਲੀ ਨੇ ਇਸ ਵਿਚਾਰ ਦਾ ਪ੍ਰਚਾਰ ਕੀਤਾ ਕਿ ਰਾਜਾ ਧਰਮ ਅਤੇ ਨੈਤਿਕਤਾ ਦੀ ਉਲੰਘਣਾ ਕਰ ਕੇ ਵੀ ਕਾਰਜਕਾਰੀ ਪ੍ਰਭੂਸੱਤਾ ਦੀ ਸਥਾਪਨਾ

ਕਰ ਸਕਦਾ ਹੈ ਜੋ ਕਿ ਰਾਜ ਦਾ ਸਰਵਉੱਚ ਉਦੇਸ਼ ਹੀ ਨਹੀਂ ਸਗੋਂ ਸਰਵਉੱਚ ਸਾਧਨ ਹੈ। ਰਾਜ ਦੀ ਏਕਤਾ ਤੇ ਵਿਵਸਥਾ ਨੂੰ ਕਾਇਮ ਰੱਖਣ ਦਾ ਮੈਕਿਆਵਲੀ ਅਨੁਸਾਰ ਰਾਜੇ ਨੂੰ ਆਪਣੇ ਲਾਭ ਨੂੰ ਮੁਖ ਰੱਖਦੇ ਆਪਣੇ ਬਚਨ ਤੋਂ ਮੁੱਕਰ ਜਾਣ ਲਈ ਸਦਾ ਤਿਆਰ ਰਹਿਣਾ ਚਾਹੀਦਾ ਹੈ ਕਿਉਂਕਿ ਮਨੁੱਖ ਬਹੁਤ ਸ਼ੈਤਾਨ ਹੁੰਦੇ ਹਨ, ਉਹ ਤੁਹਾਡੇ ਵਫ਼ਾਦਾਰ ਨਹੀਂ ਰਹਿਣਗੇ ਅਤੇ ਇਸ ਲਈ ਰਾਜਾ ਉਨ੍ਹਾਂ ਦਾ ਵਫ਼ਾਦਾਰ ਰਹਿਣ ਦਾ ਪਾਬੰਦ ਨਹੀਂ।

ਮੈਕਿਆਵਲੀ ਅਨੁਸਾਰ ਰਾਜੇ ਦੀਆਂ ਵਿਸ਼ੇਸ਼ਤਾਈਆਂ ਇਹ ਹੋਣੀਆਂ ਚਾਹੀਦੀਆਂ ਹਨ ਉਸ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਲੜਾਈ ਕਰਨ ਦੇ ਦੋ ਢੰਗ ਹੁੰਦੇ ਹਨ ਇਕ ਕਾਨੂੰਨ ਰਾਹੀਂ, ਦੂਜਾ ਸ਼ਕਤੀ ਨਾਲ। ਪਹਿਲਾ ਢੰਗ ਆਦਮੀਆਂ ਦਾ ਹੈ, ਦੂਜਾ ਜਾਨਵਰਾਂ ਦਾ ਹੈ ਪਰ ਕਿਉਂਕਿ ਪਹਿਲਾ ਢੰਗ ਅਕਸਰ ਕਾਫ਼ੀ ਨਹੀਂ ਹੁੰਦਾ, ਇਸ ਲਈ ਦੂਜਾ ਢੰਗ ਵਰਤਣਾ ਹੀ ਪੈਂਦਾ ਹੈ। ਇਸ ਲਈ ਇਕ ਰਾਜੇ ਨੂੰ ਪੂਰਾ ਗਿਆਨ ਹੋਣਾ ਚਾਹੀਦਾ ਕਿ ਜਾਨਵਰ ਅਤੇ ਮਨੁੱਖਾਂ ਦੇ ਢੰਗ ਕਿਵੇਂ ਵਰਤਣੇ ਹਨ। ਇਸ ਤਰ੍ਹਾਂ ਇਕ ਰਾਜਾ ਜਿਸ ਨੇ ਜਾਨਵਰਾਂ ਵਾਂਗ ਲੜਨਾ ਸਿੱਖਣਾ ਹੈ, ਉਸ ਨੂੰ ਲੂੰਬੜ ਅਤੇ ਸ਼ੇਰ ਦੀ ਨਕਲ ਕਰਨੀ ਚਾਹੀਦੀ ਹੈ ਕਿਉਂਕਿ ਸ਼ੇਰ ਆਪਣੇ ਆਪ ਨੂੰ ਜਾਲ ਤੋਂ ਨਹੀਂ ਬਚਾ ਸਕਦਾ ਅਤੇ ਲੂੰਬੜ ਬਘਿਆੜਾਂ ਤੋਂ ਆਪਣੀ ਰੱਖਿਆ ਨਹੀਂ ਕਰ ਸਕਦਾ। ਇਸ ਲਈ ਇਕ ਰਾਜੇ ਨੂੰ ਜਾਲ ਦੀ ਪਛਾਣ ਕਰਨ ਲਈ ਲੂੰਬੜ ਵਰਗਾ ਹੋਣਾ ਚਾਹੀਦਾ ਹੈ ਤੇ ਬਘਿਆੜਾਂ ਨੂੰ ਡਰਾਉਣ ਲਈ ਇਕ ਸ਼ੇਰ ਵਰਗਾ। ਲਾਸਕੀ ਨੇ ਰਾਜ ਨੂੰ ਪਰਿਭਾਸ਼ਤ ਕਰਦੇ ਹੋਏ ਕਿਹਾ ਕਿ ਰਾਜ (State) ਜ਼ਮੀਨ 'ਤੇ ਰਹਿਣ ਵਾਲਾ ਸਮਾਜ ਹੈ ਜੋ ਸਰਕਾਰ ਅਤੇ ਪਰਜਾ ਵਿਚ ਵੰਡਿਆ ਹੋਇਆ ਹੈ ਅਤੇ ਆਪਣੇ ਖੇਤਰ ਵਿਚ ਸਾਰੀਆਂ ਸੰਸਥਾਵਾਂ 'ਤੇ ਪ੍ਰਭੁਤਾ ਰੱਖਦਾ ਹੈ। ਯੂਨਾਨ ਵਿਚ ਸੁਕਰਾਤ ਅਤੇ ਉਸ ਦੇ ਵਿਚਾਰਧਾਰਕ ਵੰਸ਼ਜ ਪਲੈਟੋ ਤੇ ਅਰਸਤੂ ਹੋਏ ਹਨ, ਉਨ੍ਹਾਂ ਨੇ ਰਾਜ ਬਾਰੇ ਆਪਣੀ ਵਿਚਾਰਧਾਰਾ ਨੂੰ ਸਪੱਸ਼ਟ ਰੂਪ ਵਿਚ ਪੇਸ਼ ਕੀਤਾ ਹੈ। ਪਲੈਟੋ ਆਪਣੀ ਪੁਸਤਕ *ਸਟੇਟਸਮੈਨ* ਵਿਚ ਰਾਜ ਨੂੰ ਦੋ ਭਾਗਾਂ ਵਿਚ ਵੰਡਦਾ ਹੈ (i) ਉਹ ਰਾਜ ਜੋ ਕਾਨੂੰਨ ਦਾ ਪਾਲਣ ਕਰਦੇ ਹਨ; (ii) ਉਹ ਰਾਜ ਜੋ ਕਾਨੂੰਨ ਦਾ ਪਾਲਣ ਨਹੀਂ ਕਰਦੇ। ਇਸ ਸਮੱਸਿਆ ਦਾ ਹੱਲ ਪੇਸ਼ ਕਰਦੇ ਹੋਏ ਉਹ ਕਹਿੰਦਾ ਹੈ ਕਿ ਦਾਰਸ਼ਨਿਕ (Philosopher) ਰਾਜ ਦਾ ਸ਼ਾਸਨ ਸੰਭਾਲੇ ਤਾਂ ਹੀ ਇਹ ਪ੍ਰਬੰਧ ਸਹੀ

ਰਹਿ ਸਕਦਾ ਹੈ ਕਿਉਂਕਿ ਉਹ ਬੁਰੇ ਰਾਜ ਅਤੇ ਭਲੇ ਰਾਜ ਵਿਚ ਅੰਤਰ ਕਰਨ ਦੇ ਸਮਰੱਥ ਹੁੰਦਾ ਹੈ। ਇਸ ਦੇ ਨਾਲ ਉਹ ਬਹਾਦਰ ਲੋਕਾਂ ਨੂੰ ਰੱਖਿਆ ਅਤੇ ਸਾਧਾਰਨ ਜਨਤਾ ਨੂੰ ਸੰਜਮ ਵਿਚ ਰਹਿਣ ਦੀ ਸਲਾਹ ਦਿੰਦਾ ਹੈ।

ਥਾਮਸ ਹਾਬਸ, ਲਾੱਕ ਅਤੇ ਰੂਸੋ (Rousseou) ਨੂੰ ਸਮਝੌਤਾਵਾਦੀ ਵਿਚਾਰਕ ਕਿਹਾ ਜਾਂਦਾ ਹੈ। ਇਨ੍ਹਾਂ ਤਿੰਨਾਂ ਨੇ ਰਾਜ ਸੰਬੰਧੀ ਆਪਣੇ ਵਿਚਾਰ ਪੇਸ਼ ਕੀਤੇ ਹਨ। ਥਾਮਸ ਕਹਿੰਦਾ ਹੈ ਕਿ ਪ੍ਰਕ੍ਰਿਤਕ ਅਵਸਥਾ ਵਿਚ ਮਨੁੱਖ ਦਾ ਜੀਵਨ ਦੁਖੀ ਅਤੇ ਭਿਆਨਕ ਸੀ। ਇਸ ਅਸੁਰੱਖਿਆ ਦੀ ਭਾਵਨਾ ਨੂੰ ਦੂਰ ਕਰਨ ਅਤੇ ਨਿਆਂ ਵਿਵਸਥਾ ਕਾਇਮ ਕਰਨ ਲਈ ਉਹਨਾਂ ਰਾਜਨੀਤਕ ਸੰਵਿਧਾਨ ਅਧੀਨ ਰਾਜ ਦੀ ਸਥਾਪਨਾ ਕੀਤੀ। ਰਾਜ ਨੂੰ ਅਧਿਕਾਰ ਅਤੇ ਪ੍ਰਭੂਸੱਤਾ ਪ੍ਰਦਾਨ ਕੀਤੀ ਗਈ ਤਾਂ ਜੋ ਰਾਜਾ ਸਮਾਜਿਕ ਅਨੁਸ਼ਾਸਨ ਵਿਚ ਸ਼ਾਂਤੀ ਅਤੇ ਸੁਰੱਖਿਆ ਦੀ ਵਿਵਸਥਾ ਦਾ ਪ੍ਰਬੰਧ ਕਰ ਸਕੇ।

ਲਾੱਕ ਕਹਿੰਦਾ ਹੈ ਕਿ ਕੁਦਰਤੀ ਅਵਸਥਾ ਦੀਆਂ ਸਮੱਸਿਆਵਾਂ ਦੇ ਹੱਲ ਲਈ ਰਾਜ ਦੀ ਸਥਾਪਨਾ ਹੋਈ। ਇਸ ਵਿਚ ਦੋ ਸਮਝੌਤਾਵਾਦੀ ਪਹਿਲੂ ਉਭਰ ਕੇ ਸਾਹਮਣੇ ਆਏ। ਪਹਿਲੇ ਪੱਖ ਵਿਚ ਵਿਅਕਤੀਆਂ ਨੇ ਵਿਅਕਤੀਗਤ ਵਿਆਖਿਆ ਕਰਨ ਦੀ ਸ਼ਕਤੀ ਨੂੰ ਇਕ ਸਾਂਝੀ ਸ਼ਕਤੀ ਦੇ ਅਧੀਨ ਕਰ ਦਿੱਤਾ ਤਾਂ ਜੋ ਝਗੜਿਆਂ ਦਾ ਨਿਪਟਾਰਾ ਸਾਂਝੇ ਕਾਨੂੰਨ ਅਨੁਸਾਰ ਹੋ ਸਕੇ। ਦੂਜੇ ਪੱਖ ਵਿਚ ਵਿਅਕਤੀਆਂ ਨੇ ਆਪਣੀ ਸੁਤੰਤਰਤਾ ਕਾਇਮ ਰੱਖਦੇ ਹੋਏ ਆਪਣੀ ਸੁਰੱਖਿਆ ਦਾ ਅਧਿਕਾਰ ਸ਼ਾਸਨ ਨੂੰ ਸੌਂਪ ਦਿੱਤਾ। ਇਸ ਤਰ੍ਹਾਂ ਸ਼ਾਸਨ ਦਾ ਕਾਰਜ ਸਾਂਝੀ ਸ਼ਕਤੀ ਅਧੀਨ ਲੋਕ-ਕਲਿਆਣ ਵਾਲਾ ਬਣ ਗਿਆ।

ਰੂਸੋ ਦਾ ਵਿਚਾਰ ਸੀ ਕਿ ਸ਼ਾਸਨ ਨੂੰ ਅਧਿਕਾਰ ਸੌਂਪ ਦੇਣ ਦੇ ਬਾਵਜੂਦ ਵੀ ਸੱਤਾ ਲੋਕਾਂ ਕੋਲ ਹੀ ਰਹਿੰਦੀ ਹੈ। ਜੇਕਰ ਉਹ ਸਰਕਾਰ ਨੂੰ ਕੁਝ ਸ਼ਕਤੀਆਂ ਦਿੰਦੇ ਹਨ ਤਾਂ ਉਹ ਉਹਨਾਂ ਨੂੰ ਸਮਾਂ ਆਉਣ 'ਤੇ ਵਾਪਸ ਵੀ ਲੈ ਸਕਦੇ ਹਨ। ਰਾਜ ਦਾ ਸਾਂਝਾ ਸੰਕਲਪ ਵਿਅਕਤੀਆਂ ਦੀਆਂ ਆਦਰਸ਼ਕ ਇੱਛਾਵਾਂ ਦਾ ਸਮੂਹ ਹੈ।

ਕਾਰਲ ਮਾਰਕਸ ਨੇ ਇਹ ਨਤੀਜਾ ਕੱਢਿਆ ਕਿ ੧੯ਵੀਂ ਸਦੀ ਵਿਚ ਪੂੰਜੀਵਾਦੀ ਸਮਾਜ ਦਾ ਰਾਜਨੀਤਕ ਮਸ਼ੀਨਰੀ ਉੱਤੇ ਨਿਯੰਤਰਣ ਸੀ। ਰਾਜ ਹਾਕਮ ਵਰਗਾਂ ਦੇ ਏਜੰਟ ਤੋਂ ਵੱਧ ਕੁਝ ਨਹੀਂ ਸੀ। ਅਜਿਹੀ ਅਵਸਥਾ ਪੈਦਾ ਕਰਨ ਲਈ ਜਿਥੇ ਸਾਰੇ ਮਨੁੱਖ ਆਪਣੀ ਗੱਲ ਕਹਿਣ ਦਾ ਮੌਕਾ ਹਾਸਲ

ਕਰ ਸਕਣ, ਇਕ ਵਰਗ ਵੱਲੋਂ ਦੂਜੇ ਵਰਗ ਦੇ ਸ਼ੋਸ਼ਣ ਤੋਂ ਛੁਟਕਾਰਾ ਪਾਉਣਾ ਹੋਵੇਗਾ ਅਤੇ ਇਕ ਵਰਗ ਰਹਿਤ ਸਮਾਜ ਕਾਇਮ ਕਰਨਾ ਹੋਵੇਗਾ ਜਿਥੇ ਸਾਰੇ ਮਨੁੱਖ ਬਰਾਬਰ ਸਮਝੇ ਜਾਣ। ਇਤਿਹਾਸ ਗਵਾਹ ਹੈ ਕਿ ਜਿਨ੍ਹਾਂ ਮੁਲਕਾਂ ਵਿਚ ਜਾਂ ਭਾਰਤ ਦੇ ਜਿਨ੍ਹਾਂ ਸੂਬਿਆਂ ਵਿਚ ਇਸ ਵਿਚਾਰਧਾਰਾ ਅਧੀਨ ਰਾਜ ਸਥਾਪਤ ਹੋਏ, ਉਥੇ ਸਮਾਂ ਬੀਤਣ ਉੱਤੇ ਸਮਾਜਿਕ ਬਰਾਬਰੀ ਸਥਾਪਤ ਨਹੀਂ ਹੋ ਸਕੀ ਸਗੋਂ ਗ਼ਰੀਬ-ਅਮੀਰ ਨਵੇਂ ਰੂਪ ਵਿਚ ਪੈਦਾ ਹੋ ਗਏ ਅਤੇ ਪਾੜਾ ਫਿਰ ਕਾਇਮ ਹੋ ਗਿਆ। ਰਾਜਨੀਤਕ ਅਵਸਥਾ ਵਿਚ ਤਬਦੀਲੀ ਨਾਲੋਂ ਮਨੁੱਖ ਦੇ ਵਿਚਾਰਾਂ ਵਿਚ ਕ੍ਰਾਂਤੀ ਲਿਆਉਣ ਦੀ ਲੋੜ ਹੈ ਜੋ ਨਹੀਂ ਹੋ ਸਕੀ, ਲੁੱਟਣ ਵਾਲੇ ਅਤੇ ਲੁੱਟੇ ਜਾਣ ਵਾਲੇ ਮੁੜ ਤੋਂ ਪੈਦਾ ਹੋ ਗਏ। ਇਹਨਾਂ ਮੁਲਕਾਂ ਵਿਚ ਇੱਕੋ ਵਿਚਾਰਧਾਰਾ ਵਾਲੀ ਇੱਕੋ ਪਾਰਟੀ ਦਾ ਰਾਜ ਹੈ। ਲੋਕਾਂ ਨੂੰ ਆਪਣੀ ਮਰਜ਼ੀ ਦੀ ਪਾਰਟੀ ਅਖ਼ਤਿਆਰ ਕਰਨ ਦਾ ਅਧਿਕਾਰ ਵੀ ਖ਼ਤਮ ਹੈ। ਜਿਹੜੇ ਦੇਸ਼ ਜਿਵੇਂ ਕਿ ਰੂਸ (USSR), ਚੈਕੋਸਲਵਾਕੀਆ, ਪੋਲੈਂਡ ਆਦਿ ਇਸ ਵਿਚਾਰਧਾਰਾ ਅਧੀਨ ਸਥਾਪਤ ਹੋਏ, ਉਹਨਾਂ ਦੇਸ਼ਾਂ ਵੱਲੋਂ ਮਨੁੱਖੀ ਆਜ਼ਾਦੀਆਂ ਤੇ ਧਾਰਮਿਕਤਾ ਨੂੰ ਖ਼ਤਮ ਕਰ ਦਿੱਤਾ ਗਿਆ। ਨਤੀਜੇ ਵਜੋਂ ਇਹ ਦੇਸ਼ ਜਲਦੀ ਹੀ ਟੁੱਕੜੇ-ਟੁਕੜੇ ਹੋ ਗਏ ਹਨ।

ਧਰਮ ਦੇ ਪ੍ਰਸਾਰ ਲਈ ਜੇ ਰਾਜਨੀਤੀ ਦੀ ਦੁਰਵਰਤੋਂ ਕੀਤੀ ਜਾਵੇ ਤਾਂ ਇਹ ਘੋਰ ਅਨਿਆਂ ਤੇ ਅਤਿਆਚਾਰ ਦਾ ਰੂਪ ਧਾਰਨ ਕਰ ਲੈਂਦੀ ਹੈ। ਤਥਾ "ਰਾਜੇ ਸੀਹ ਮੁਕਦਮ ਕੁਤੇ ॥ ਜਾਇ ਜਗਾਇਨਿ ਬੈਠੇ ਸੁਤੇ ॥"[੧] ਵਾਲੀ ਹਾਲਤ ਪੈਦਾ ਹੋ ਜਾਂਦੀ ਹੈ। ਜਦੋਂ ਰਾਜਨੀਤਕ ਸ਼ਕਤੀ 'ਤੇ ਕਾਬਜ਼ ਰਹਿਣ ਜਾਂ ਰਾਜਨੀਤਕ ਸ਼ਕਤੀ ਹਾਸਲ ਕਰਨ ਲਈ ਧਰਮ ਦਾ ਸਹਾਰਾ ਲਿਆ ਜਾਵੇ ਅਤੇ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਦਾ ਸ਼ੋਸ਼ਣ ਕੀਤਾ ਜਾਵੇ ਤਾਂ ਇਸ ਤੋਂ ਵੱਡਾ ਦੰਭ ਤੇ ਪਾਖੰਡ ਕੋਈ ਨਹੀਂ ਰਹਿ ਜਾਂਦਾ। ਧਰਮ ਤੇ ਰਾਜਨੀਤੀ ਦਾ ਸੰਬੰਧ ਉਦੋਂ ਹੀ ਉਪਯੋਗੀ ਹੁੰਦਾ ਹੈ ਜਦੋਂ ਧਰਮ ਆਪਣੇ ਮਾਰਗ 'ਤੇ ਸਥਿਰ ਰਹਿੰਦਾ ਹੋਇਆ ਰਾਜਨੀਤੀ ਤੋਂ ਦੂਰ ਨਾ ਰਹੇ, ਸਗੋਂ ਰਾਜਨੀਤੀ ਨੂੰ ਮਾਰਗ-ਦਰਸ਼ਨ ਕਰੇ। ਰਾਜਨੀਤੀ ਇਕ ਚੰਗੇ ਰਾਜ ਦੇ ਆਦਰਸ਼ਾਂ ਨੂੰ ਕਾਇਮ ਕਰਦੀ ਹੋਈ ਧਰਮ 'ਤੇ ਭਾਰੂ ਨਾ ਹੋਵੇ ਤੇ ਧਾਰਮਿਕ ਭਾਵਨਾਵਾਂ ਦਾ ਸ਼ੋਸ਼ਣ ਨਾ ਕਰੇ। ਜਿਹੜੇ ਵਿਅਕਤੀ ਧਾਰਮਿਕ ਪਦਵੀਆਂ ਦਾ ਦੁਰਉਪਯੋਗ ਕਰ ਕੇ ਰਾਜਸੀ ਤਾਕਤ ਉਪਰ ਜਕੜ ਪੱਕੀ ਕਰਨ ਦੀ ਲਾਲਸਾ ਰੱਖਦੇ ਹਨ, ਉਹ ਨਾ ਧਰਮ ਦਾ ਕੁਝ ਸੰਵਾਰਦੇ ਹਨ ਨਾ ਲੋਕ-ਹਿਤਾਂ ਦਾ ਕੋਈ ਕੰਮ

ਕਰ ਸਕਦੇ ਹਨ। ਜਿਹੜੇ ਰਾਜਨੀਤਕ ਆਗੂ ਲੋਕ-ਹਿਤਾਂ ਦੀ ਉਲੰਘਣਾ ਕਰ ਕੇ ਧਾਰਮਿਕ ਕੱਟੜਤਾ ਦੀਆਂ ਭਾਵਨਾਵਾਂ ਦੇ ਗ਼ੁਲਾਮ ਹੁੰਦੇ ਹਨ, ਉਹ ਰਾਜ ਨੂੰ ਵੀ ਕਲੰਕਿਤ ਕਰਦੇ ਹਨ ਤੇ ਧਰਮ ਨੂੰ ਵੀ, ਜਿਵੇਂ ਕਿ ਮੁਗ਼ਲ ਬਾਦਸ਼ਾਹ ਔਰਗੰਜ਼ੇਬ ਸੀ। ਅਜਿਹੇ ਲੋਕਾਂ ਦਾ ਹਾਲ ਇਹ ਹੁੰਦਾ ਹੈ :

*ਨਾ ਖ਼ੁਦਾ ਹੀ ਮਿਲਾ ਨਾ ਵਸਾਲੇ ਸਨਮ,*
*ਨਾ ਇਧਰ ਕੇ ਰਹੇ ਨਾ ਉਧਰ ਕੇ ਰਹੇ।*

ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ. ਭੀਮ ਰਾਓ ਅੰਬੇਦਕਰ ਨੇ ਭਾਰਤ ਦੀ ਬਹੁ-ਧਰਮੀ, ਬਹੁ-ਭਾਸ਼ੀ ਅਤੇ ਬਹੁ-ਕੌਮੀ ਬਣਤਰ ਨੂੰ ਸਮਝਦਿਆਂ ਹੋਇਆਂ ਸਾਰੇ ਧਰਮਾਂ ਅਤੇ ਸਭ ਦੇ ਕੌਮੀ ਜਜ਼ਬਿਆਂ ਦੇ ਵਿਕਾਸ ਅਤੇ ਪ੍ਰਫੁੱਲਤਾ ਨੂੰ ਮੁਖ ਰੱਖਦਿਆਂ ਭਾਰਤੀ ਸਟੇਟ ਨੂੰ ਧਰਮ ਨਿਰਪੱਖ ਰਾਜ ਬਣਾਉਣ ਦੀ ਵਿਵਸਥਾ ਕੀਤੀ ਅਤੇ ਕਾਨੂੰਨ ਦੇ ਸਾਹਮਣੇ ਸਾਰੇ ਧਰਮਾਂ, ਕੌਮਾਂ ਅਤੇ ਜਾਤਾਂ ਦੇ ਇਸਤਰੀ-ਪੁਰਸ਼ਾਂ ਨੂੰ ਬਰਾਬਰੀ ਅਤੇ ਵਧਣ ਫੁੱਲਣ ਦੇ ਮੌਕੇ ਪ੍ਰਦਾਨ ਕੀਤੇ। ਇਹ ਸੰਵਿਧਾਨ ਥਿਊਰੀ ਦੇ ਤੌਰ 'ਤੇ ਤਾਂ ਆਦਰਸ਼ਕ ਹੀ ਕਿਹਾ ਜਾ ਸਕਦਾ ਹੈ। ਇਸ ਦੇ ਵਿਚਾਰਧਾਰਕ ਪ੍ਰਬੰਧ ਵਿਚ ਤਾਂ ਗੁਰੂ ਨਾਨਕ ਦੇਵ ਜੀ ਦੀ ਫ਼ਿਲਾਸਫ਼ੀ ਹੀ ਝਲਕਦੀ ਹੈ, ਪਰੰਤੂ ਪਿਛਲੇ ੬੦ ਸਾਲਾਂ ਦੇ ਤਲਖ਼ ਤਜਰਬਿਆਂ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਸੰਵਿਧਾਨ ਦੀ ਵਿਵਸਥਾ ਅਤੇ ਭਾਵਨਾ ਦੇ ਉਲਟ ਅਮਲੀ ਰੂਪ ਵਿਚ ਬਹੁ-ਗਿਣਤੀ ਦੀਆਂ ਭਾਵਨਾਵਾਂ, ਮਾਨਤਾਵਾਂ ਅਤੇ ਅਕੀਦਿਆਂ ਦਾ ਹੀ ਧਿਆਨ ਰੱਖਿਆ ਜਾਂਦਾ ਹੈ ਅਤੇ ਘੱਟ-ਗਿਣਤੀਆਂ ਨੂੰ ਆਪਣੀ ਧਾਰਮਕ, ਸਭਿਆਚਾਰਕ ਅਤੇ ਸਮਾਜਿਕ ਹੋਂਦ ਨੂੰ ਕਾਇਮ ਰੱਖਣ ਲਈ ਹਮੇਸ਼ਾ ਹੀ ਸੰਘਰਸ਼ਸ਼ੀਲ ਰਹਿਣਾ ਪੈ ਰਿਹਾ ਹੈ। ਬੜੇ ਵੱਡੇ ਪੱਧਰ ਉੱਤੇ ਘੱਟ-ਗਿਣਤੀਆਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਹੀ ਨਹੀਂ ਕੀਤਾ ਜਾਂਦਾ ਰਿਹਾ, ਸਗੋਂ ਉਨ੍ਹਾਂ ਦੇ ਧਰਮ, ਸਭਿਆਚਾਰ, ਭਾਸ਼ਾ, ਇਤਿਹਾਸ ਅਤੇ ਵਿਰਾਸਤ ਉੱਤੇ ਨਿਰੰਤਰ ਬੜੇ ਵੱਡੇ ਪੱਧਰ ਉੱਤੇ ਹਮਲੇ ਅਤੇ ਕਤਲੇਆਮ ਵੀ ਕੀਤਾ ਜਾਂਦਾ ਰਿਹਾ ਹੈ। ਦੇਸ਼ ਵਾਸੀਆਂ ਨੂੰ ਇੱਕੋ ਨਜ਼ਰ ਵੇਖ ਕੇ ਇਨਸਾਫ਼ ਮੁਹੱਈਆ ਕਰਾਉਣ ਦੀ ਜ਼ਾਮਨ ਮਾਨਯੋਗ ਅਦਾਲਤੀ ਸੰਸਥਾ ਵੀ ਕਈ ਵਾਰ ਇਨਸਾਫ਼ ਕਰਨ ਵਿਚ ਅਸਮਰੱਥ ਹੀ ਰਹੀ ਹੈ।

ਬਾਬਰੀ ਮਸਜਿਦ ਦੀ ਸਮੱਸਿਆ, ਗੁਜਰਾਤ ਦਾ ਕਤਲੇਆਮ, ੧੯੮੪ ਦਾ ਤੀਜਾ ਵੱਡਾ ਘੱਲੂਘਾਰਾ ਜਿਸ ਵਿਚ ਸਿੱਖਾਂ ਦੇ ਸ਼੍ਰੋਮਣੀ ਅਸਥਾਨ ਸ੍ਰੀ

ਅਕਾਲ ਤਖ਼ਤ ਸਾਹਿਬ ਨੂੰ ਢਹਿ ਢੇਰੀ ਕਰ ਦਿੱਤਾ ਗਿਆ ਅਤੇ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਸੀਨੇ ਵਿਚ ਗੋਲੀਆਂ ਦਾਗ਼ੀਆਂ ਗਈਆਂ। ਦੇਸ਼ ਦੀ ਰਾਜਧਾਨੀ ਦਿੱਲੀ ਸਮੇਤ ਕਈ ਸ਼ਹਿਰਾਂ ਵਿਚ ਲਗਾਤਾਰ ਤਿੰਨ ਦਿਨ ਸਿੱਖਾਂ ਦਾ ਕਤਲੇਆਮ ਹੁੰਦਾ ਰਿਹਾ, ਪਰ ਧਰਮ ਨਿਰਪੱਖ ਦੇਸ਼ ਵਿਚ ਕਿਸੇ ਨੇ ਵੀ ਜਾਨ ਮਾਲ ਦੀ ਰੱਖਿਆ ਨਹੀਂ ਕੀਤੀ ਅਤੇ ਅੱਜ ਤੇਈ ਸਾਲ ਬੀਤ ਜਾਣ ਤੋਂ ਬਾਅਦ ਵੀ ਸਮੂਹਕ ਕਤਲੇਆਮ ਲਈ ਜ਼ਿੰਮੇਵਾਰ ਦੋਸ਼ੀਆਂ ਨੂੰ ਸਜ਼ਾ ਨਹੀਂ ਮਿਲੀ ਅਤੇ ੧੫ ਸਾਲ ਸਿੱਖ ਨੌਜੁਆਨੀ ਅਤੇ ਬੇਦੋਸ਼ਿਆਂ ਦੇ ਖ਼ੂਨ ਦੀ ਹੋਲੀ ਖੇਡੀ ਜਾਂਦੀ ਰਹੀ ਹੈ। ਅਜਿਹਾ ਤਾਂ ਹੀ ਹੋ ਰਿਹੈ ਕਿਉਂਕਿ ਰਾਜਨੀਤਕ ਸ਼ਕਤੀ ਧਰਮ ਨਿਰਪੱਖਤਾ ਦੇ ਮਖੌਟੇ ਹੇਠ ਛੁਪੀ ਆਪਣੀ ਧਾਰਮਿਕ ਕੱਟੜਤਾ ਅਤੇ ਆਪਣੀ ਵੋਟ-ਰਾਜਨੀਤੀ ਕਾਰਨ ਆਪਣਾ ਰਾਜ-ਧਰਮ ਨਿਭਾਉਣ ਵਿਚ ਅਵੇਸਲੀ ਹੋਣ ਕਾਰਨ ਹੀ ਅਜਿਹਾ ਕਰਦੀ ਰਹੀ ਹੈ ਅਤੇ ਘੱਟ-ਗਿਣਤੀਆਂ ਦੇ ਧਰਮ, ਸਭਿਆਚਾਰ, ਭਾਸ਼ਾ ਤੇ ਅੱਡਰੀ ਪਛਾਣ ਨੂੰ ਨਿਗਲ ਲੈਣ ਦੀਆਂ ਸਾਜ਼ਸ਼ਾਂ ਅਤੇ ਯਤਨ ਬਾ-ਦਸਤੂਰ ਜਾਰੀ ਹਨ। ਜਾਪਦਾ ਹੈ ਕਿ ਅਜਿਹਾ ਭਾਰਤ ਨੂੰ ਇਕ ਧਰਮੀ ਅਤੇ ਇਕ ਕੌਮੀ ਰਾਸ਼ਟਰ ਬਣਾਉਣ ਹਿਤ ਕੀਤਾ ਜਾ ਰਿਹੈ ਜਦੋਂ ਕਿ ਦੁਨੀਆ ਵਿਸ਼ਵੀਕਰਨ ਲਈ ਅੱਗੇ ਵੱਧ ਰਹੀ ਹੈ। ਅਜਿਹੀ ਸਥਿਤੀ ਉੱਤੇ ਅਫ਼ਸੋਸ ਹੀ ਪ੍ਰਗਟ ਕੀਤਾ ਜਾ ਸਕਦੈ। ਸਭ ਨੂੰ ਆਪਣਾ ਆਪਣਾ ਧਰਮ ਸਭਿਆਚਾਰ, ਵਿਰਾਸਤ ਅਤੇ ਅਕੀਦਿਆਂ ਨੂੰ ਕਾਇਮ ਰੱਖਣ ਦੀ ਗਰੰਟੀ ਕਰਦਿਆਂ ਧਰਮ ਦੀ ਰੱਖਿਆ ਲਈ ਰਾਜਨੀਤਕ ਸ਼ਕਤੀ ਦੀ ਅਤੇ ਰਾਜਨੀਤੀ ਨੂੰ ਲੋਕ-ਹਿਤੈਸ਼ੀ ਅਤੇ ਨਿਆਇਸ਼ੀਲ ਬਣਾਏ ਰੱਖਣ ਲਈ ਧਰਮ ਦੀ ਲੋੜ ਹੈ। ਹਿੰਦੋਸਤਾਨ ਦੇ ਧਰਮ, ਸਭਿਅਤਾ ਅਤੇ ਸਵੈਮਾਣ ਦੀ ਰੱਖਿਆ ਲਈ ਗੁਰੂ ਨਾਨਕ ਦੇਵ ਜੀ ਦਾ ਬਾਬਰ ਨੂੰ ਜਾਬਰ ਕਹਿ ਕੇ ਵੰਗਾਰਨਾ, ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਉਪਰੰਤ ਗੁਰੂ ਹਰਿਗੋਬਿੰਦ ਸਾਹਿਬ ਵਲੋਂ ਸ੍ਰੀ ਅਕਾਲ ਤਖ਼ਤ ਦੀ ਸਥਾਪਨਾ ਅਤੇ ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਦਾ ਪਹਿਨਣਾ, ਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਹੀਦੀ ਉਪਰੰਤ ਸ਼ਸਤਰਧਾਰੀ 'ਖ਼ਾਲਸਾ ਪੰਥ' ਦੀ ਸਿਰਜਣਾ ਆਦਿ ਮਹਾਨ ਘਟਨਾਵਾਂ ਧਰਮ ਅਤੇ ਰਾਜਨੀਤੀ ਦੀ ਮਨੁੱਖੀ-ਜ਼ਿੰਦਗੀ ਲਈ ਅਹਿਮੀਅਤ ਅਤੇ ਇਕ ਦੂਜੇ ਦੇ ਪੂਰਕ ਹੋਣ ਦਾ ਹੀ ਸਪੱਸ਼ਟ ਸਿਧਾਂਤ ਅਤੇ ਸਰੂਪ ਹੈ। ਇਕ ਤੋਂ ਬਿਨਾਂ ਦੂਜਾ ਹਮੇਸ਼ਾ ਹੀ ਮਨੁੱਖੀ-ਜ਼ਿੰਦਗੀ ਲਈ ਘਾਤਕ ਸਿੱਧ ਹੋਇਆ ਹੈ ਅਤੇ ਇਸੇ ਲਈ ਇਹਨਾਂ ਦੀ ਆਪਸੀ ਸਹਿਯੋਗ ਅਤੇ ਸਹਿਹੋਂਦ ਦੀ ਭਾਵਨਾ

ਅਤੇ ਇਕ ਦੂਜੇ ਦੇ ਪੂਰਕ ਅਤੇ ਸਮਤੋਲ ਹੋਣਾ ਹਮੇਸ਼ਾ ਹਮੇਸ਼ਾ ਹੀ ਸਾਰਥਕ ਅਤੇ ਉਪਯੋਗੀ ਰਹੇਗਾ। ਅਜੋਕੇ ਸਮੇਂ ਵੀ ਅੰਗਰੇਜ਼ ਸਰਕਾਰ ਦੇ ਪਿੱਠੂ ਮਹੰਤਾਂ, ਜੋ ਸਿੱਖ ਧਾਰਮਿਕ ਸਿਧਾਂਤ, ਰਹਿਤ ਮਰਿਆਦਾ ਮਹਾਨ ਵਿਰਾਸਤ ਨੂੰ ਤਹਿਸ ਨਹਿਸ ਕਰ ਰਹੇ ਸਨ, ਪਾਸੋਂ ਗੁਰਧਾਮਾਂ ਨੂੰ ਅਜ਼ਾਦ ਕਰਾਉਣ ਲਈ ਖ਼ਾਲਸੇ ਦੀ ਰਾਜਨੀਤਕ ਸ਼ਕਤੀ ਹਰਕਤ ਵਿਚ ਆਈ। ਅੰਤ ੧੪ ਨਵੰਬਰ, ੧੯੨੦ ਨੂੰ ਮੌਜੂਦਾ ਪੰਥਕ ਧਾਰਮਿਕ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਹੋਂਦ ਵਿਚ ਆਈ, ਜਿਸ ਦੇ ਪਹਿਲੇ ਪ੍ਰਧਾਨ ਸ੍ਰ. ਸੁੰਦਰ ਸਿੰਘ ਮਜੀਠੀਆ ਬਣੇ। ਅਗਲੇ ਹੀ ਦਿਨ ਜਥੇਦਾਰ ਕਰਤਾਰ ਸਿੰਘ ਝੱਬਰ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਨੁਮਾਇੰਦਾ ਹਸਤੀ ਦੇ ਸਿੱਖਾਂ ਦਾ ਇਕੱਠ ਸੱਦ ਕੇ ਇਹ ਸਪੱਸ਼ਟ ਕਰ ਦਿੱਤਾ ਸੀ ਕਿ ਗੁਰਧਾਮਾਂ, ਸਿੱਖ ਇਤਿਹਾਸ, ਰਹਿਤ ਮਰਿਆਦਾ ਦੀ ਰਾਖੀ ਲਈ ਰਾਜਨੀਤਕ ਜਥੇਬੰਦੀ ਦੀ ਲੋੜ ਹੈ। ਨਤੀਜੇ ਵੱਜੋਂ ੧੪ ਦਸੰਬਰ, ੧੯੨੦ ਨੂੰ ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ ਕੀਤੀ ਗਈ ਜਿਸ ਦੇ ਪਹਿਲੇ ਪ੍ਰਧਾਨ ਜਥੇਦਾਰ ਸਰਮੁਖ ਸਿੰਘ ਝਬਾਲ ਬਣੇ। ਇਤਿਹਾਸ ਗਵਾਹ ਹੈ ਕਿ ਜਦੋਂ ਕਦੀ ਵੀ ਧਾਰਮਿਕ ਖੇਤਰ ਲਈ ਖ਼ਤਰਾ ਪੈਦਾ ਹੋਇਆ ਤਾਂ ਸ਼੍ਰੋਮਣੀ ਅਕਾਲੀ ਦਲ ਪੂਰੀ ਸ਼ਕਤੀ ਨਾਲ ਜੂਝਿਆ ਅਤੇ ਜਦੋਂ ਕਦੀ ਅਕਾਲੀ ਲੀਡਰਸ਼ਿਪ ਜਾਂ ਕੋਈ ਵੀ ਸਿੱਖ ਸੰਸਥਾ ਸਿੱਖ ਸਿਧਾਂਤ ਤੋਂ ਥਿੜਕਦੀ ਨਜ਼ਰ ਆਈ ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਆਪਣੀ ਧਾਰਮਿਕ ਹਸਤੀ ਦਾ ਭਰਪੂਰ ਪ੍ਰਗਟਾਵਾ ਕਰ ਕੇ ਰਾਜਨੀਤੀ ਨੂੰ ਸਹੀ ਥਾਂ ਉੱਤੇ ਕਾਇਮ ਰੱਖਿਆ। ਜਿਹੜੇ ਲੋਕ ਖ਼ਾਲਸਾ ਪੰਥ ਅੰਦਰ ਧਰਮ ਅਤੇ ਰਾਜਨੀਤੀ ਦੇ ਸੁਮੇਲ ਉੱਤੇ ਕਿੰਤੂ ਪਰੰਤੂ ਕਰਦੇ ਹਨ ਉਹ ਜਾਂ ਤਾਂ ਦੁਨੀਆ ਦੇ ਇਤਿਹਾਸ ਤੋਂ ਅਣਜਾਣ ਹਨ ਜਾਂ ਫਿਰ ਆਪਣੇ ਸੌੜੇ ਰਾਜਨੀਤਕ ਲਾਭ ਅਤੇ ਸੜੀਅਲ-ਈਰਖਾਲੂ ਨੀਤੀ ਅਧੀਨ ਹੀ ਕਰਦੇ ਹਨ। ਅਜਿਹੇ ਲੋਕਾਂ ਬਾਰੇ ਕਬੀਰ ਜੀ ਇਉਂ ਫ਼ੁਰਮਾਉਂਦੇ ਹਨ:

*ਕਬੀਰ ਮਨੁ ਜਾਨੈ ਸਭ ਬਾਤ ਜਾਨਤ ਹੀ ਅਉਗਨੁ ਕਰੈ ॥*
*ਕਾਹੇ ਕੀ ਕੁਸਲਾਤ ਹਾਥਿ ਦੀਪੁ ਕੂਏ ਪਰੈ ॥੨੧੬॥*

*(ਸਲੋਕ ਕਬੀਰ ਜੀ, ਪੰਨਾ ੧੩੭੬)*

ਅੱਜ ਦੇਸ਼ ਅੰਦਰ ਰਾਜਨੀਤਕ ਸ਼ਕਤੀ ਦੀ ਪ੍ਰਾਪਤੀ ਜਾਂ ਰਾਜਨੀਤਕ ਸ਼ਕਤੀ ਉੱਤੇ ਜਕੜ ਪੱਕੀ ਕਰਨ ਹਿਤ ਧਾਰਮਿਕ ਕੱਟੜਤਾ ਦਾ ਸਹਾਰਾ ਲਿਆ ਜਾ ਰਿਹੈ ਅਤੇ ਭੋਲੀ ਭਾਲੀ ਗ਼ਰੀਬ ਜਨਤਾ ਦੀਆਂ ਧਾਰਮਿਕ ਭਾਵਨਾਵਾਂ

ਨੂੰ ਭੜਕਾ ਕੇ ਉਹਨਾਂ ਦਾ ਸ਼ੋਸ਼ਣ ਕੀਤਾ ਜਾ ਰਿਹੈ। ਇਸ ਦਾ ਨਤੀਜਾ ਹੀ ਹੈ ਕਿ ਦੇਸ਼ ਵਿਚ ਅਸਲ ਧਰਮ ਅਤੇ ਧਾਰਮਿਕਤਾ ਤਾਂ ਅਲੋਪ ਹੀ ਹੁੰਦੀ ਜਾ ਰਹੀ ਹੈ ਪਰੰਤੂ ਧਰਮ ਦੇ ਨਾਮ 'ਤੇ ਜਨਤਾ ਨੂੰ ਲੜਾਇਆ ਜ਼ਰੂਰ ਜਾ ਰਿਹੈ ਅਤੇ ਦੇਸ਼ ਦੇ ਹਰ ਕੋਨੇ ਵਿਚ ਫ਼ਿਰਕੂ ਤਣਾਅ ਹੈ ਜੋ ਵਾਰ-ਵਾਰ ਬੜੇ ਵੱਡੇ ਜਾਨੀ ਅਤੇ ਮਾਲੀ ਨੁਕਸਾਨ ਲਈ ਜ਼ਿੰਮੇਵਾਰ ਹੋਇਆ ਹੈ। ਅਜਿਹਾ ਆਮ ਕਰਕੇ ਉਨ੍ਹਾਂ ਲੋਕਾਂ ਵਲੋਂ ਹੀ ਕੀਤਾ ਜਾ ਰਿਹਾ ਹੈ ਜਿਹੜੇ ਖ਼ੁਦ ਧਰਮ ਦੇ ਅਰਥਾਂ ਅਤੇ ਅਸੂਲਾਂ ਤੋਂ ਕੋਹਾਂ ਦੂਰ ਹਨ, ਪਰੰਤੂ ਉਹਨਾਂ ਧਰਮ ਦਾ ਮਖੌਟਾ ਜ਼ਰੂਰ ਪਹਿਨਿਆ ਹੋਇਆ ਹੈ। ਇਹਨਾਂ ਦੀ ਹਾਲਤ ਤਾਂ, 'ਹੱਥ ਵਿਚ ਛੁਰੀ ਤੇ ਮੂੰਹ ਵਿਚ ਰਾਮ' ਅਤੇ "ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ"[੨] ਵਾਲੀ ਹੀ ਹੈ। ਅਜਿਹੇ ਲੋਕ ਦੇਸ਼ ਅਤੇ ਕੌਮ ਲਈ ਘਾਤਕ ਸਿੱਧ ਹੁੰਦੇ ਹਨ। ਇਸ ਲਈ ਆਓ ਧਰਮ ਅਤੇ ਰਾਜਨੀਤੀ ਦੇ ਸੰਜੋਗ ਅਤੇ ਸੁਮੇਲ ਨੂੰ ਸਹੀ ਅਰਥਾਂ ਵਿਚ ਸਮਝੀਏ ਅਤੇ ਆਪਣੇ ਜੀਵਨ ਵਿਚ ਅਪਣਾਈਏ ਅਤੇ ਦੇਸ਼ ਵਿਚ ਅਮਨ, ਸ਼ਾਂਤੀ, ਭਾਈਚਾਰਕ ਸਾਂਝ, ਸਾਂਝੀਵਾਲਤਾ, ਸਦਭਾਵਨਾ ਦਾ ਮਾਹੌਲ ਪ੍ਰਦਾਨ ਕਰਨ ਵਿਚ ਯੋਗਦਾਨ ਪਾਈਏ। ਉਸ ਅਕਾਲ ਪੁਰਖ ਦੀ ਰਹਿਮਤ ਵਿਚ ਪੂਰੇ ਭਾਈਵਾਲ ਬਣ ਕੇ "ਏਕੁ ਪਿਤਾ ਏਕਸ ਕੇ ਹਮ ਬਾਰਿਕ"[੩] ਅਤੇ "ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ"[੪] ਦੇ ਧਾਰਨੀ ਬਣੀਏ। ਜਿਵੇਂ ਕਾਇਆ ਅਤੇ ਆਤਮਾ ਦਾ ਸੰਜੋਗ ਕੁਦਰਤ ਦਾ ਕ੍ਰਿਸ਼ਮਾ ਹੈ, ਉਸੇ ਤਰ੍ਹਾਂ ਧਰਮ ਅਤੇ ਰਾਜਨੀਤੀ ਦਾ ਸੰਜੋਗ ਅਤੇ ਸੁਮੇਲ ਮਾਨਵਤਾਵਾਦੀ ਵਰਤਾਰਾ ਹੈ, ਜਿਵੇਂ ਕਿ ਉੱਘੇ ਸਿੱਖ ਵਿਦਵਾਨ ਅਤੇ ਚਿੰਤਕ ਡਾ. ਜਸਪਾਲ ਸਿੰਘ ਦਿੱਲੀ ਕਹਿੰਦੇ ਹਨ, "ਸਿੱਖੀ ਵਿਚ ਰਾਜ ਦਾ ਸੰਕਲਪ ਧਰਮ ਤੇ ਰਾਜ ਦੇ ਸੰਯੋਗ ਤੇ ਮੀਰੀ-ਪੀਰੀ ਦੇ ਸਿੱਖ ਸਿਧਾਂਤ ਉਪਰ ਅਧਾਰਿਤ ਹੈ। ਆਧੁਨਿਕ ਸਮਿਆਂ ਵਿਚ ਪ੍ਰਚਲਿਤ ਧਰਮ ਤੇ ਰਾਜ ਦਾ ਇਕ ਦੂਜੇ ਤੋਂ ਵਿਯੋਗ ਗੁਰੂ-ਪਰੰਪਰਾ ਦੇ ਵਿਚਾਰਾਂ ਤੋਂ ਉਲਟ ਹੈ। ਗੁਰੂ ਪਰੰਪਰਾ ਦਾ ਮਤ ਸੀ ਕਿ ਧਰਮ ਤੇ ਰਾਜ ਦੋਵੇਂ ਮਨੁੱਖ ਨਾਲ ਸੰਬੰਧਿਤ ਸੰਸਥਾਵਾਂ ਹਨ। ਧਰਮ ਤੇ ਰਾਜ ਦੋਹਾਂ ਨੂੰ ਜੀਉਣ ਵਾਲਾ ਅਤੇ ਦੋਹਾਂ ਦੇ ਖੇਤਰ ਵਿਚ ਕਾਰਜਸ਼ੀਲ ਮਨੁੱਖ, ਮੂਲ ਰੂਪ ਵਿਚ ਇੱਕੋ ਹੈ। ਸੱਤਾ ਉੱਪਰ ਧਰਮ ਤੇ ਰਾਜ ਦੇ ਕਾਰਜ ਭਾਵੇਂ ਵੱਖੋ-ਵੱਖਰੇ ਮੁਹਾਂਦਰਿਆਂ ਵਾਲੇ ਹੋਣ ਪਰ ਉਹਨਾਂ ਵਿਚਕਾਰ ਬੁਨਿਆਦੀ ਸਾਂਝ ਹੈ। ਦੋਵੇਂ ਇਕ ਸੰਜੁਗਤ ਵਿਵਸਥਾ ਵੱਲ ਸੰਕੇਤ ਕਰਦੇ ਹਨ।" ਭਾਰਤ ਵਿਚ ਅਨੇਕਤਾ ਵਿਚ ਏਕਤਾ (Unity

in diversity) ਦੇ ਸੱਚ ਨੂੰ ਵੇਖਦਿਆਂ ਉਕਤ ਵਿਦਵਾਨ ਵਲੋਂ ਪੇਸ਼ ਕੀਤਾ ਗੁਰਮਤਿ ਵਿਚ ਧਰਮ ਅਤੇ ਰਾਜਨੀਤੀ ਦੇ ਸੰਜੋਗ ਅਤੇ ਸੁਮੇਲ ਦਾ ਤਰਕ ਹੀ ਉਪਯੋਗੀ ਅਤੇ ਸਾਰਥਕ ਹੈ।

ਇਸ ਤਰ੍ਹਾਂ ਕਿਸੇ ਵੀ ਦੇਸ਼ ਲਈ ਨਿਰੋਲ ਪਦਾਰਥਵਾਦੀ ਸੋਚ ਅਧੀਨ ਰਾਜਨੀਤੀ ਜਾਂ ਫਿਰ ਨਿਰੋਲ ਧਾਰਮਿਕ ਸੋਚ ਵਾਲਾ ਰਾਜ (Theocratic State), ਲਾਹੇਵੰਦਾ, ਸਾਰਥਕ ਅਤੇ ਉਪਯੋਗੀ ਨਹੀਂ ਹੈ, ਸਗੋਂ ਧਰਮ ਦੇ ਗੁਣੀ ਕੁੰਡੇ ਹੇਠ ਲੋਕਾਂ ਦੀ ਸੇਵਾ, ਵਿਕਾਸ, ਅਮਨ-ਸ਼ਾਂਤੀ, ਸਾਂਝੀਵਾਲਤਾ ਕਾਇਮ ਕਰਨ ਅਤੇ ਰੱਖਣ ਵਾਲਾ ਨਿਆਂਕਾਰੀ ਰਾਜ ਹੀ ਉੱਤਮ ਦੁਨਿਆਵੀ ਰਾਜ-ਪ੍ਰਬੰਧ ਹੈ। ਆਓ ਅਜਿਹੇ ਰਾਜ-ਪ੍ਰਬੰਧ ਦੀ ਕਾਇਮੀ ਲਈ ਯਤਨਸ਼ੀਲ ਹੋਈਏ ਤਾਂ ਜੋ ਇਸ ਧਰਤੀ ਉੱਤੇ ਹੀ ਸਵਰਗੀ ਆਨੰਦ ਮਾਣ ਸਕੀਏ ਅਤੇ ਸੱਚਮੁੱਚ ਹੀ ਅਸ਼ਰਫ਼-ਉਲ-ਮਖ਼ਲੂਕਾਤ ਬਣ ਸਕੀਏ!

☆ ☆ ☆

"ਅਕਾਲ ਤਖ਼ਤ ਦੀ ਇਹ ਲਲਕਾਰ ।
ਸਾਬਤ ਸੂਰਤ ਸਿਰ ਦਸਤਾਰ।"

"ਆਗਿਆ ਭਈ ਅਕਾਲ ਕੀ, ਤਬੈ ਚਲਾਇਓ ਪੰਥ,
ਸਭ ਸਿੱਖਨ ਕੋ ਹੁਕਮ ਹੈ, ਗੁਰੂ ਮਾਨਿਓ ਗ੍ਰੰਥ"

ਰਹਿਣੀ ਰਹੈ ਸੋਈ ਸਿੱਖ ਮੇਰਾ ।
ਵਹ ਠਾਕੁਰ ਮੈਂ ਉਸ ਕਾ ਚੇਰਾ ॥